# NEEDY AND MERITORIOUS STUDENTS RECEIVED SCHOLARSHIPS FROM SARBAT DA BHALA CHARITABLE

# ਜਗ ਬਾਣੀ

## 'ਸਰਬੱਤ ਦਾ ਭਲਾ' ਟਰੱਸਟ ਨੇ ਮੋਦੀ ਕਾਲਜ 'ਚ ਵਜ਼ੀਫ਼ੇ ਵੰਡੇ




*ਐੱਸ. ਪੀ. ਸਿੰਘ ਓਬਰਾਏ ਮੋਦੀ ਕਾਲਜ ਵਿਖੇ ਵਜ਼ੀਫੇ ਵੰਡਦੇ ਹੋਏ। (ਸੁਖਵਿੰਦਰ)*

ਪਟਿਆਲਾ, 4 ਦਸੰਬਰ (ਰਾਜੇਸ਼, ਰਾਣਾ)-ਅੱਜ ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਇਕ ਵਿਸ਼ੇਸ਼ ਸਮਾਗਮ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਡਾ. ਐੱਸ. ਪੀ. ਸਿੰਘ ਓਬਰਾਏ ਨੇ ਕਾਲਜ ਦੇ 53 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 5 ਲੱਖ 30 ਹਜ਼ਾਰ ਰੁਪਏ ਦੀ ਰਕਮ ਦੇ ਵਜ਼ੀਫ਼ੇ ਵੰਡੇ। ਡਾ. ਓਬਰਾਏ ਨੇ ਕਿਹਾ ਕਿ ਟਰੱਸਟ ਦੀ ਦਿਲੀ ਖਾਹਿਸ਼ ਹੈ ਕਿ ਕੋਈ ਵੀ ਹੋਣਹਾਰ ਵਿਦਿਆਰਥੀ ਆਰਥਿਕ ਤੰਗੀਆਂ ਕਰ ਕੇ ਪੜ੍ਹਾਈ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਡਾ. ਐੱਸ. ਪੀ. ਸਿੰਘ ਓਬਰਾਏ ਅਤੇ ਦੂਜੇ ਮਹਿਮਾਨਾਂ ਦਾ ਸਵਾਗਤ ਕੀਤਾ। ਉਨ੍ਹਾਂ ਟਰੱਸਟ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਟਰੱਸਟ ਸਾਡੇ ਵਿਦਿਆਰਥੀਆਂ ਨੂੰ ਲਗਾਤਾਰ ਪਿਛਲੇ 4 ਸਾਲਾਂ ਤੋਂ ਵਜ਼ੀਫ਼ੇ ਦੇ ਰਿਹਾ ਹੈ।

ਇਸ ਤਰ੍ਹਾਂ ਸਾਡੇ ਕਈ ਵਿਦਿਆਰਥੀ ਇਸ ਮਾਲੀ ਸਹਾਇਤਾ ਨਾਲ ਉਚੇਰੀ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ। ਇਸ ਸਮੇਂ ਐੱਮ. ਐੱਲ. ਹਸੀਜਾ ਟਰੱਸਟ ਦੇ ਡਾਇਰੈਕਟਰ (ਸਿੱਖਿਆ) ਨੇ ਟਰੱਸਟ ਵੱਲੋਂ ਚੱਲ ਰਹੇ ਕਈ ਕੰਮਾਂ ਬਾਰੇ ਜਾਣਕਾਰੀ ਦਿੱਤੀ। ਇਹ ਵੀ ਦੱਸਿਆ ਕਿ ਹੁਣ ਟਰੱਸਟ ਤਕਰੀਬਨ 5 ਹਜ਼ਾਰ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰ ਰਿਹਾ ਹੈ। ਪ੍ਰੋ. ਵੀ. ਪੀ. ਸ਼ਰਮਾ ਡੀਨ ਵਿਦਿਆਰਥੀ ਭਲਾਈ ਨੇ ਮੰਚ ਸੰਚਾਲਨ ਦਾ ਕੰਮ ਬਾਖੂਬੀ ਸੰਭਾਲਿਆ।

ਇਸ ਮੌਕੇ ਪ੍ਰੋ. (ਮਿਸਿਜ਼) ਬਲਜਿੰਦਰ ਕੌਰ, ਪ੍ਰੋ. (ਮਿਸਿਜ਼) ਸ਼ੈਲੇਂਦਰ ਕੌਰ ਸਿੱਧੂ, ਪ੍ਰੋ. (ਮਿਸਿਜ਼) ਨੀਨਾ ਸਰੀਨ ਤੋਂ ਇਲਾਵਾ ਹੋਰ ਕਈ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ ਵਿਚ ਵਿਦਿਆਰਥੀ ਵੀ ਸ਼ਾਮਲ ਸਨ।

# ਸਰਬੱਤ ਦਾ ਭਲਾ ਟਰੱਸਟ ਨੇ ਮੋਦੀ ਕਾਲਜ ਵਿਖੇ ਵਜ਼ੀਫ਼ੇ ਵੰਡੇ

## ਕੋਈ ਵੀ ਹੋਣਹਾਰ ਵਿਦਿਆਰਥੀ ਆਰਥਿਕ ਤੰਗੀਆਂ ਕਾਰਨ ਪੜ੍ਹਾਈ ਤੋਂ ਵਾਂਝਾ ਨਹੀਂ ਰਹੇਗਾ : ਓਬਰਾਏ




**ਪਰਮਿੰਦਰ**

ਅੱਜ ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਇਕ ਵਿਸ਼ੇਸ਼ ਸਮਾਗਮ ਵਿਚ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.) ਦੇ ਸੰਸਥਾਪਕ ਡਾ. ਐਸ.ਪੀ.ਸਿੰਘ ਓਬਰਾਏ ਨੇ ਕਾਲਜ ਦੇ 53 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 5 ਲੱਖ 30 ਹਜ਼ਾਰ ਰੁਪਏ ਦੀ ਰਕਮ ਦੇ ਵਜ਼ੀਫ਼ੇ ਵੰਡੇ। ਡਾ. ਓਬਰਾਏ ਨੇ ਕਿਹਾ ਕਿ ਇਸ ਟਰੱਸਟ ਦੀ ਦਿਲੀ ਖਾਹਿਸ਼ ਹੈ ਕਿ ਕੋਈ ਵੀ ਹੋਣਹਾਰ ਵਿਦਿਆਰਥੀ ਆਰਥਿਕ ਤੰਗੀਆਂ ਕਰਕੇ ਪੜ੍ਹਾਈ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਡਾ. ਐਸ.ਪੀ.ਸਿੰਘ ਓਬਰਾਏ ਅਤੇ ਦੂਜੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਰਬੱਤ ਦਾ ਭਲਾ ਟਰੱਸਟ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਟਰੱਸਟ ਸਾਡੇ ਵਿਦਿਆਰਥੀਆਂ ਨੂੰ ਲਗਾਤਾਰ ਪਿਛਲੇ ਚਾਰ ਸਾਲ ਤੋਂ ਵਜ਼ੀਫ਼ੇ ਦੇ ਰਿਹਾ ਹੈ। ਇਸ ਤਰ੍ਹਾਂ ਸਾਡੇ ਕਈ ਵਿਦਿਆਰਥੀ ਇਸ ਮਾਲੀ ਸਹਾਇਤਾ ਨਾਲ ਉਚੇਰੀ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ। ਇਸ ਮੌਕੇ ਸ੍ਰੀ ਐਮ.ਐਲ.ਹਸੀਜਾ, ਟਰੱਸਟ ਦੇ ਡਾਇਰੈਕਟਰ (ਸਿੱਖਿਆ) ਨੇ ਟਰੱਸਟ ਵੱਲੋਂ ਚੱਲ ਰਹੇ ਕਈ ਕੰਮਾਂ ਦੇ ਬਾਰੇ ਜਾਣਕਾਰੀ ਦਿੱਤੀ ਅਤੇ ਇਹ ਵੀ ਦੱਸਿਆ ਕਿ ਹੁਣ ਟਰੱਸਟ ਤਕਰੀਬਨ ਪੰਜ ਹਜ਼ਾਰ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰ ਰਿਹਾ ਹੈ। ਪ੍ਰੋ. ਨਿਰਮਲ ਸਿੰਘ, ਵਾਈਸ ਪ੍ਰਿੰਸੀਪਲ ਨੇ ਧੰਨਵਾਦ ਦੇ ਸ਼ਬਦ ਕਹੇ ਅਤੇ ਉਮੀਦ ਜ਼ਾਹਰ ਕੀਤੀ ਕਿ ਵਿਦਿਆਰਥੀ ਇਸ ਸਹਾਇਤਾ ਨੂੰ ਹਮੇਸ਼ਾ ਯਾਦ ਰੱਖਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਡਾ. ਓਬਰਾਏ ਦੇ ਆਦਰਸ਼ਾਂ ਨੂੰ ਮੁੱਖ ਰੱਖ ਕੇ ਲੋੜਵੰਦਾਂ ਦੀ ਮਦਦ ਕਰਨ ਲਈ ਤਿਆਰ ਰਹਿਣਗੇ। ਮੁੱਖ ਮਹਿਮਾਨ ਨੂੰ ਯਾਦ-ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਅਧਿਕਾਰੀ ਸ੍ਰੀ ਬੀ.ਸੀ. ਸ਼ਰਮਾ ਵੀ ਹਾਜ਼ਰ ਸਨ। ਪ੍ਰੋ. ਵੀ.ਪੀ. ਸ਼ਰਮਾ, ਡੀਨ ਵਿਦਿਆਰਥੀ ਭਲਾਈ ਨੇ ਮੰਚ ਸੰਚਾਲਨ ਦਾ ਕੰਮ ਬਾਖੂਬ ਸੰਭਾਲਿਆ। ਇਸ ਮੌਕੇ ਪ੍ਰੋ. (ਮਿਸਿਜ਼ ਬਲਜਿੰਦਰ ਕੌਰ, ਪ੍ਰੋ. (ਮਿਸਿਜ਼ ਸ਼ੈਲੇਂਦਰ ਕੌਰ ਸਿੱਧੂ, ਪ੍ਰੋ. (ਮਿਸਿਜ਼) ਨੀਰ ਸਰੀਨ ਤੋਂ ਇਲਾਵਾ ਹੋਰ ਕਈ ਸਟਾ ਮੈਂਬਰਜ਼ ਅਤੇ ਵੱਡੀ ਗਿਣਤੀ ਵਿੱ ਵਿਦਿਆਰਥੀ ਵੀ ਸ਼ਾਮਲ ਸਨ।

**ਪੰਜਾਬੀ ਟ੍ਰਿਬਿਊਨ,**

# 'ਸਰਬੱਤ ਦਾ ਭਲਾ' ਟਰੱਸਟ ਨੇ ਵਜ਼ੀਫ਼ੇ ਵੰਡੇ

**ਮੋਦੀ ਕਾਲਜ ਵਿੱਚ ਵਿਦਿਆਰਥੀਆਂ ਨੂੰ 5.30 ਲੱਖ ਦੇ ਵਜ਼ੀਫ਼ੇ ਵੰਡੇ**

**ਨਿੱਜੀ ਪੱਤਰ ਪ੍ਰੇਰਕ**

**ਪਟਿਆਲਾ, 4 ਦਸੰਬਰ**

ਇੱਥੇ ਮੁਲਤਾਨੀ ਮੱਲ ਮੋਦੀ ਕਾਲਜ ਵਿੱਚ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਡਾ. ਐਸ.ਪੀ. ਸਿੰਘ ਓਬਰਾਏ ਨੇ ਕਾਲਜ ਦੇ 53 ਲੋੜਵੰਦ ਵਿਦਿਆਰਥੀਆਂ ਨੂੰ 5 ਲੱਖ 30 ਹਜ਼ਾਰ ਰੁਪਏ ਦੀ ਰਕਮ ਦੇ ਵਜ਼ੀਫ਼ੇ ਵੰਡੇ। ਡਾ. ਓਬਰਾਏ ਨੇ ਕਿਹਾ ਕਿ ਇਸ ਟਰੱਸਟ ਦਾ ਉਦੇਸ਼ ਹੈ ਕਿ ਕੋਈ ਵੀ ਹੋਣਹਾਰ ਵਿਦਿਆਰਥੀ ਆਰਥਿਕ ਤੰਗੀ ਕਰਕੇ ਪੜ੍ਹਾਈ ਤੋਂ ਵਾਂਝਾ ਨਹੀਂ ਰਹੇ।

ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਡਾ. ਐਸ.ਪੀ. ਸਿੰਘ ਓਬਰਾਏ ਸਮੇਤ ਹੋਰਨਾਂ ਮਹਿਮਾਨਾਂ ਦਾ ਸਵਾਗਤ ਕੀਤਾ। ਉਨ੍ਹਾਂ 'ਸਰਬੱਤ ਦਾ ਭਲਾ' ਟਰੱਸਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਟਰਸੱਟ ਸਾਡੇ ਵਿਦਿਆਰਥੀਆਂ ਨੂੰ ਲਗਾਤਾਰ ਪਿਛਲੇ ਚਾਰ ਸਾਲ ਤੋਂ ਵਜ਼ੀਫ਼ੇ ਦੇ ਰਿਹਾ ਹੈ। ਇਸ ਨਾਲ ਸਾਡੇ ਕਈ ਵਿਦਿਆਰਥੀ ਇਸ ਮਾਲੀ ਸਹਾਇਤਾ ਨਾਲ ਉਚੇਰੀ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ। ਇਸ ਮੌਕੇ ਐਮ.ਐਲ. ਹਸੀਜਾ ਤੇ ਟਰੱਸਟ ਦੇ ਡਾਇਰੈਕਟਰ (ਸਿੱਖਿਆ) ਨੇ ਟਰੱਸਟ ਵੱਲੋਂ ਚੱਲ ਰਹੇ ਕਈ ਕੰਮਾਂ ਬਾਰੇ ਜਾਣਕਾਰੀ ਦਿੱਤੀ। ਵਾਈਸ ਪ੍ਰਿੰਸੀਪਲ ਪ੍ਰੋ. ਨਿਰਮਲ ਸਿੰਘ ਨੇ ਉਮੀਦ ਜ਼ਾਹਰ ਕੀਤੀ ਕਿ ਵਿਦਿਆਰਥੀ ਇਸ ਸਹਾਇਤਾ ਨੂੰ ਹਮੇਸ਼ਾ ਯਾਦ ਰੱਖਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਡਾ. ਓਬਰਾਏ ਦੇ ਆਦਰਸ਼ਾਂ ਨੂੰ ਮੁੱਖ ਰੱਖ ਕੇ ਲੋੜਵੰਦਾਂ ਦੀ ਮਦਦ ਕਰਨ ਲਈ ਤਿਆਰ ਰਹਿਣਗੇ। ਮੁੱਖ ਮਹਿਮਾਨ ਨੂੰ ਯਾਦ ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਅਧਿਕਾਰੀ ਬੀ.ਸੀ. ਸ਼ਰਮਾ ਵੀ ਹਾਜ਼ਰ ਸਨ। ਪ੍ਰੋ. ਵੀ.ਪੀ. ਸ਼ਰਮਾ, ਡੀਨ ਵਿਦਿਆਰਥੀ ਭਲਾਈ, ਨੇ ਮੰਚ ਸੰਚਾਲਨ ਕੀਤਾ। ਇਸ ਮੌਕੇ ਪ੍ਰੋ. ਬਲਜਿੰਦਰ ਕੌਰ, ਪ੍ਰੋ. ਸ਼ੈਲੇਂਦਰ ਕੌਰ ਸਿੱਧੂ, ਪ੍ਰੋ. ਨੀਨਾ ਸਰੀਨ ਸਮੇਤ ਕਈ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਸ਼ਾਮਲ ਸਨ।



**ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੀ ਰਕਮ ਦਾ ਚੈੱਕ ਸੌਂਪਦੇ ਹੋਏ ਡਾ. ਐਸ.ਪੀ. ਸਿੰਘ ਓਬਰਾਏ।** -ਫੋਟੋ: ਡਿੰਗਰ

पटियाला, 5 दिसंबर 2017 दैनिक जागरण

विद्यार्थियों को वजीफे बांटते हुए कॉलेज का स्टाफ एवं अन्य। (दाएं) श्री राधे गोविंद आश्रम शाही समाधा रोड प्पर जरूरतमंद परिवारों को राशन देते हुए समिति सदस्य • जागरण

# ट्रस्ट ने मोदी कॉलेज में विद्यार्थियों को बांटे वजीफे

## सरबत दा भला ट्रस्ट के संस्थापक डॉ. एसपी सिंह ओबराय ने कहा, पढ़ाई से वंचित न रहें होनहार विद्यार्थी

जेएनएन, पटियाला : स्थानीय मुल्तानी मल मोदी कॉलेज में एक विशेष समागम में सरबत दा भला चेरिटेबल ट्रस्ट के संस्थापक डॉ. एसपी सिंह ओबराय ने कॉलेज के 53 जरूरतमंद और होनहार विद्यार्थियों को 5 लाख 30 हजार रुपये की रकम के वजीफे बांटे। डॉ. ओबराय ने कहा कि इस ट्रस्ट की दिली ख्वाहिश है कि कोई भी होनहार विद्यार्थी आर्थिक तंगी के कारण पढ़ाई से वंचित न रहे। कॉलेज के प्रिंसिपल डॉ. खुशविंदर कुमार ने मुख्य मेहमान, डॉ. एसपी सिंह ओबराए और दूसरे मेहमानों का स्वागत किया और सरबत दा भला ट्रस्ट का धन्यवाद किया। उन्होंने बताया कि यह ट्रस्ट हमारे विद्यार्थियों को लगातार पिछले चार साल से वजीफा दे रहा है। इस तरह हमारे कई विद्यार्थी इस आर्थिक सहायता के साथ उच्च शिक्षा प्राप्त कर चुके हैं। इस मौके पर एमएल हसीजा, ट्रस्ट के डायरेक्टर (शिक्षा) ने ट्रस्ट की तरफ से चल रहे कई कार्यों के बारे में जानकारी दी। उन्होंने बताया कि अब ट्रस्ट तकरीबन पांच हजार जरूरतमंद विद्यार्थियों की मदद कर रहा है। इस मौके पर प्रो. वीपी शर्मा, डीन विद्यार्थी भलाई, ने मंच संचालन का काम बखूबी संभाला। इस मौके पर प्रो. बलजिन्दर कौर, प्रो. शेलेंदर कौर सिद्धू, प्रो. नीना सरीन मौजूद रहे।

### समिति ने 300 जरूरतमंद परिवारों को राशन बांटा

श्री राधा कृष्ण जन सेवा समिति की ओर से रविवार को श्री राधे गोविंद आश्रम



**CHANDIGARH Tribune**

# 53 students get scholarships

TRIBUNE NEWS SERVICE

PATIALA, DECEMBER 4

Multani Mal Modi College, Patiala, organised a function where Dr SP Singh Oberoi, founder of the Sarbat Da Bhala Charitable Trust, awarded 53 scholarships of Rs 5 lakh to the needy students.

Principal Dr Khushvinder Kumar thanked the trust for being generous in granting these scholarships and contributing liberally for a noble cause, consecutively for the fourth year.

ML Hasija, director, Education, Sarbat Da Bhala Charitable Trust, informed about various activities where financial aid was given every year. He advised students to work hard and added that the trust was always ready to extend helping hand to the underprivileged, but meritorious students.

Vice-principal Nirmal Singh presented the vote of thanks and hoped that students would remember the role of this scholarship in their student life and always follow Dr Oberoi as a role model for philanthropic activities.

A memento was presented to Dr Oberoi on this occasion. BC Sharma, an official of the trust, also attended the function. Prof VP Sharma, Dean Students Welfare, conducted the stage. Prof Baljinder Kaur, Prof Shailendra Sidhu, Prof Neena Sareen and many other staff members and students were present.

**दैनिक सवेरा टाइम्स**

# सरबत का भला ट्रस्ट ने मोदी कालेज में वजीफे बांटे

**53 विद्यार्थियों को 5 लाख 30 हजार रुपए बांटे**

पटियाला, 4 दिसंबर (बलविन्द्र): मुलतानी मल मोदी कालेज में एक विशेष समागम में सरबत का भला चैरीटेबल ट्रस्ट के संस्थापक डा. एस.पी. सिंह ओबराय ने कालेज के 53 जरूरतमंद और होनहार विद्यार्थियों को 5 लाख 30 हजार रुपए की रकम के वजीफे बांटे। डा. ओबराय ने कहा कि इस ट्रस्ट की दिली ख्वाहिश है कि कोई भी होनहार विद्यार्थी आर्थिक तंगी करके पढ़ाई से खाली नहीं रहना चाहिए।




**सरबत का भला ट्रस्ट मोदी कालेज में वजीफे का चैक देते एस.पी. सिंह ओबराय, प्रिंसीपल खुशविन्द्र कुमार।**

प्रिंसीपल डा. खुशविन्दर कुमार ने मुख्य मेहमान, डा. एस.पी. सिंह ओबराय और दूसरे मेहमानों का स्वागत किया और सरबत का भला ट्रस्ट का धन्यवाद करते बताया कि यह ट्रस्ट हमारे विद्यार्थियों को लगातार पिछले चार साल से वजीफे दे रहा है। इस तरह हमारे कई विद्यार्थी इस माली सहायता के साथ ऊंची शिक्षा प्राप्त कर चुके हैं। इस मौके एम.एल. हसीजा, ट्रस्ट के डायरैक्टर (शिक्षा) ने ट्रस्ट की तरफ से चल रहे कई काम के बारे जानकारी दी और यह भी बताया कि अब ट्रस्ट तकरीबन पांच हज़ार जरूरतमंद विद्यार्थी की मदद कर रहा है। प्रो. निर्मल सिंह, वाइस प्रिंसीपल ने धन्यवाद के शब्द बोले। मुख्य मेहमान को याद-चिन्ह भेंट किया गया। इस मौके ट्रस्ट के अधिकारी बी.सी. शर्मा भी उपस्थित थे। प्रो. वी.पी. शर्मा, डीन विद्यार्थी भलाई, ने मंच संचालन का काम बखूबी संभाला। इस मौके पर प्रो. बलजिन्दर कौर, प्रो. सैलेंदर कौर सिद्धू, प्रो. नीना सरीन के इलावा अन्य कई स्टाफ मैंबर और बड़ी संख्या में विद्यार्थी भी शामिल थे।

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਮੰਗਲਵਾਰ, 5 ਦਸੰਬਰ 2017)

# ਸਰਬੱਤ ਦਾ ਭਲਾ ਟਰੱਸਟ ਨੇ ਮੋਦੀ ਕਾਲਜ ਵਿਖੇ ਵਜ਼ੀਫ਼ੇ ਵੰਡੇ



ਪਟਿਆਲਾ, 4 ਦਸੰਬਰ (ਚ.ਨ.ਸ.) : ਅੱਜ ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਇਕ ਵਿਸ਼ੇਸ਼ ਸਮਾਗਮ ਵਿਚ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.) ਦੇ ਸੰਸਥਾਪਕ ਡਾ. ਐਸ.ਪੀ.ਸਿੰਘ ਓਬਰਾਏ ਨੇ ਕਾਲਜ ਦੇ 53 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 5 ਲੱਖ 30 ਹਜ਼ਾਰ ਰੁਪਏ ਦੀ ਰਕਮ ਦੇ ਵਜ਼ੀਫ਼ੇ ਵੰਡੇ। ਡਾ. ਓਬਰਾਏ ਨੇ ਕਿਹਾ ਕਿ ਇਸ ਟਰੱਸਟ ਦੀ ਦਿਲੀ ਖ਼ਾਹਿਸ਼ ਹੈ ਕਿ ਕੋਈ ਵੀ ਹੋਣਹਾਰ ਵਿਦਿਆਰਥੀ ਆਰਥਿਕ ਤੰਗੀਆਂ ਕਰਕੇ ਪੜ੍ਹਾਈ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਡਾ. ਐਸ.ਪੀ.ਸਿੰਘ ਓਬਰਾਏ ਅਤੇ ਦੂਜੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਰਬੱਤ ਦਾ ਭਲਾ ਟਰੱਸਟ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਟਰੱਸਟ ਸਾਡੇ ਵਿਦਿਆਰਥੀਆਂ ਨੂੰ ਲਗਾਤਾਰ ਪਿਛਲੇ ਚਾਰ ਸਾਲ ਤੋਂ ਵਜ਼ੀਫ਼ੇ ਦੇ ਰਿਹਾ ਹੈ। ਇਸ ਤਰ੍ਹਾਂ ਸਾਡੇ ਕਈ ਵਿਦਿਆਰਥੀ ਇਸ ਮਾਲੀ ਸਹਾਇਤਾ ਨਾਲ ਉਚੇਰੀ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ। ਇਸ ਮੌਕੇ ਸ੍ਰੀ ਐਮ.ਐਲ.ਹਸੀਜਾ, ਟਰੱਸਟ ਦੇ ਡਾਇਰੈਕਟਰ (ਸਿੱਖਿਆ) ਨੇ ਟਰੱਸਟ ਵੱਲੋਂ ਚੱਲ ਰਹੇ ਕਈ ਕੰਮਾਂ ਦੇ ਬਾਰੇ ਜਾਣਕਾਰੀ ਦਿੱਤੀ ਅਤੇ ਇਹ ਵੀ ਦੱਸਿਆ ਕਿ ਹੁਣ ਟਰੱਸਟ ਤਕਰੀਬਨ ਪੰਜ ਹਜ਼ਾਰ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰ ਰਿਹਾ ਹੈ। ਪ੍ਰੋ. ਨਿਰਮਲ ਸਿੰਘ, ਵਾਈਸ ਪ੍ਰਿੰਸੀਪਲ ਨੇ ਧੰਨਵਾਦ ਦੇ ਸ਼ਬਦ ਕਹੇ ਅਤੇ ਉਮੀਦ ਜ਼ਾਹਰ ਕੀਤੀ ਕਿ ਵਿਦਿਆਰਥੀ ਇਸ ਸਹਾਇਤਾ ਨੂੰ ਹਮੇਸ਼ਾ ਯਾਦ ਰੱਖਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਡਾ. ਓਬਰਾਏ ਦੇ ਆਦਰਸ਼ਾਂ ਨੂੰ ਮੁੱਖ ਰੱਖ ਕੇ ਲੋੜਵੰਦਾਂ ਦੀ ਮਦਦ ਕਰਨ ਲਈ ਤਿਆਰ ਰਹਿਣਗੇ। ਮੁੱਖ ਮਹਿਮਾਨ ਨੂੰ ਯਾਦ-ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਅਧਿਕਾਰੀ ਸ੍ਰੀ ਬੀ.ਸੀ. ਸ਼ਰਮਾ ਵੀ ਹਾਜ਼ਰ ਸਨ। ਪ੍ਰੋ. ਵੀ.ਪੀ. ਸ਼ਰਮਾ, ਡੀਨ ਵਿਦਿਆਰਥੀ ਭਲਾਈ, ਨੇ ਮੰਚ ਸੰਚਾਲਨ ਦਾ ਕੰਮ ਬਾਖੂਬੀ ਸੰਭਾਲਿਆ। ਇਸ ਮੌਕੇ ਪ੍ਰੋ. (ਮਿਸਿਜ) ਬਲਜਿੰਦਰ ਕੌਰ, ਪ੍ਰੋ. (ਮਿਸਿਜ) ਸੈਲੇਂਦਰ ਕੌਰ ਸਿੱਧੂ, ਪ੍ਰੋ. (ਮਿਸਿਜ) ਨੀਨਾ ਸਰੀਨ ਤੋਂ ਇਲਾਵਾ ਹੋਰ ਕਈ ਸਟਾਫ ਮੈਂਬਰਜ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਵੀ ਸ਼ਾਮਲ ਸਨ।

ਪੰਜਾਬੀ ਜਾਗਰਣ

# ਲੋੜਵੰਦ ਵਿਦਿਆਰਥੀਆਂ ਨੂੰ ਵੰਡੇ ਵਜ਼ੀਫ਼ੇ

**ਪੱਤਰ ਪ੍ਰੇਰਕ, ਪਟਿਆਲਾ :** ਅੱਜ ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਇਕ ਵਿਸ਼ੇਸ਼ ਸਮਾਗਮ ਵਿਚ ਸਰਬਤ ਦਾ ਭਲਾ ਚੈਰੀਟੇਬਲ ਟਰਸਟ ਦੇ ਸੰਸਥਾਪਕ ਡਾ. ਐੱਸਪੀ ਸਿੰਘ ਓਬਰਾਏ ਨੇ ਕਾਲਜ ਦੇ 53 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 5 ਲੱਖ 30 ਹਜ਼ਾਰ ਰੁਪਏ ਦੇ ਵਜ਼ੀਫ਼ੇ ਵੰਡੇ।

ਡਾ. ਓਬਰਾਏ ਨੇ ਕਿਹਾ ਕਿ ਇਸ ਟਰਸਟ ਦੀ ਦਿਲੀ ਖਾਹਿਸ਼ ਹੈ ਕਿ ਕੋਈ ਵੀ ਹੋਣਹਾਰ ਵਿਦਿਆਰਥੀ ਆਰਥਿਕ ਤੰਗੀਆਂ ਕਰਕੇ ਪੜ੍ਹਾਈ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਡਾ. ਐੱਸਪੀ ਸਿੰਘ ਓਬਰਾਏ ਤੇ ਦੂਜੇ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਸਰਬੱਤ ਦਾ ਭਲਾ ਟਰਸਟ ਦਾ ਧੰਨਵਾਦ ਕੀਤਾ। ਇਸ ਮੌਕੇ ਐੱਮਐੱਲ ਹਸੀਜਾ, ਟਰਸਟ ਦੇ ਡਾਇਰੈਕਟਰ (ਸਿੱਖਿਆ) ਨੇ ਟਰਸਟ ਵੱਲੋਂ ਚੱਲ ਰਹੇ ਕਈ ਕੰਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਹ ਵੀ ਦੱਸਿਆ ਕਿ ਹੁਣ ਟਰਸਟ ਤਕਰੀਬਨ ਪੰਜ ਹਜ਼ਾਰ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰ ਰਿਹਾ ਹੈ।

ਪ੍ਰੋ. ਨਿਰਮਲ ਸਿੰਘ, ਵਾਈਸ ਪ੍ਰਿੰਸੀਪਲ ਨੇ ਧੰਨਵਾਦ ਦੇ ਸ਼ਬਦ ਕਹੇ ਅਤੇ ਉਮੀਦ ਜ਼ਾਹਰ ਕੀਤੀ ਕਿ ਵਿਦਿਆਰਥੀ ਇਸ ਸਹਾਇਤਾ ਨੂੰ ਹਮੇਸ਼ਾ ਯਾਦ ਰੱਖਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਡਾ. ਓਬਰਾਏ ਦੇ ਆਦਰਸ਼ਾਂ ਨੂੰ ਮੁੱਖ ਰੱਖ ਕੇ ਲੋੜਵੰਦਾਂ ਦੀ ਮਦਦ ਕਰਨ ਲਈ ਤਿਆਰ ਰਹਿਣਗੇ। ਮੁੱਖ ਮਹਿਮਾਨ ਨੂੰ ਯਾਦ-ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਟਰਸਟ ਦੇ ਅਧਿਕਾਰੀ ਬੀਸੀ ਸ਼ਰਮਾ ਵੀ ਹਾਜ਼ਰ ਸਨ।

ਇਸ ਮੌਕੇ ਡੀਨ ਵਿਦਿਆਰਥੀ ਭਲਾਈ ਪ੍ਰੋ. ਵੀ.ਪੀ. ਸ਼ਰਮਾ ਨੇ ਮੰਚ ਸੰਚਾਲਨ ਦਾ ਕੰਮ ਬਾਖੂਬੀ ਸੰਭਾਲਿਆ। ਇਸ ਮੌਕੇ ਪ੍ਰੋ. (ਮਿਸਿਜ਼) ਬਲਜਿੰਦਰ ਕੌਰ, ਪ੍ਰੋ. (ਮਿਸਿਜ਼) ਸੈਲੇਂਦਰ ਕੌਰ ਸਿੱਧੂ, ਪ੍ਰੋ. (ਮਿਸਿਜ਼) ਨੀਨਾ ਸਰੀਨ ਤੋਂ ਇਲਾਵਾ ਹੋਰ ਕਈ ਸਟਾਫ਼ ਮੈਂਬਰਜ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਵੀ ਸ਼ਾਮਲ ਸਨ।।




ਵਜ਼ੀਫ਼ੇ ਦੇਣ ਮੌਕੇ ਡਾ. ਐੱਸਪੀ ਸਿੰਘ ਓਬਰਾਏ ਨਾਲ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਹੋਰ ਸ਼ਖ਼ਸੀਅਤਾਂ।

# COLLEGE WON PUNJABI UNIVERSITY INTER COLLEGE ARCHERY CHAMPIONSHIP

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਮੰਗਲਵਾਰ, 12 ਦਸੰਬਰ 2017)

# ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਤੀਰ-ਅੰਦਾਜ਼ੀ ਮੁਕਾਬਲਿਆਂ ਵਿੱਚ ਮੋਦੀ ਕਾਲਜ ਨੇ ਓਵਰਆਲ ਚੈਂਪੀਅਨਸ਼ਿਪ ਜਿੱਤੀ



ਪਟਿਆਲਾ, 11 ਦਸੰਬਰ (ਰੁਪਾਣਾ/ ਆਤਮਜੀਤ) : ਮੁਲਤਾਨੀ ਮੱਲ ਮੋਦੀ ਕਾਲਜ ਨੇ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਸੰਪਨ ਹੋਈ ਅੰਤਰ ਕਾਲਜ ਤੀਰ-ਅੰਦਾਜ਼ੀ (ਲੜਕੀਆਂ) ਚੈਂਪੀਅਨਸ਼ਿਪ ਜਿੱਤ ਲਈ ਹੈ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਉਪਰੰਤ ਕਾਲਜ ਪਹੁੰਚਣ ਤੇ ਜੇਤੂ ਟੀਮ ਦੀ ਹੌਂਸਲਾ ਅਫ਼ਜਾਈ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਜੀ ਨੇ ਕਿਹਾ ਕਿ ਮੋਦੀ ਕਾਲਜ ਨੂੰ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਆਪਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਤੇ ਪੂਰਾ ਮਾਣ ਹੈ ਅਤੇ ਅਜਿਹੇ ਹੋਣਹਾਰ ਵਿਦਿਆਰਥੀਆਂ ਦੀ ਸਰਪਰਸਤੀ ਕਰਨਾ ਕਾਲਜ ਦਾ ਖੁਸ਼ਗਵਾਰ ਫ਼ਰਜ਼ ਹੈ ਅਤੇ ਇਹ ਫ਼ਰਜ਼ ਅਸੀਂ ਹਮੇਸ਼ਾਂ ਪੂਰੀ ਸੁਹਿਰਦਤਾ ਨਾਲ ਨਿਭਾਉਂਦੇ ਰਹਾਂਗੇ। ਕਾਲਜ ਦੇ ਡੀਨ ਸਪੋਰਟਸ ਡਾ. ਗੁਰਦੀਪ ਸਿੰਘ ਸੰਧੂ ਨੇ ਇਸ ਅਵਸਰ ਤੇ ਦੱਸਿਆ ਕਿ ਮੋਦੀ ਕਾਲਜ ਦੀਆਂ ਲੜਕੀਆਂ ਨੇ ਇਨ੍ਹਾਂ ਮੁਕਾਬਲਿਆਂ ਦੇ ਤਿੰਨਾਂ ਈਵੈਂਟਸ, ਕੰਪਾਊਂਡ, ਰਿਕੱਰਵ ਅਤੇ ਵੁਡਨ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਤੀਰ ਅੰਦਾਜ਼ੀ (ਕੰਪਾਊਂਡ) ਟੀਮ ਦੀਆਂ ਲੜਕੀਆਂ - ਨਵਜੀਤ ਕੌਰ, ਸਰੀਤਾ ਬੂਹੀਆ, ਪਰਿਮਲਾ ਭੂਮਿਜ਼ ਅਤੇ ਪੂਜਾ ਬੇਨੀਵਾਲ ਨੇ ਚੁਪਕੀ ਕਾਲਜ ਦੀਆਂ ਲੜਕੀਆਂ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਤੀਰ ਅੰਦਾਜ਼ੀ (ਰਿਕੱਰਵ) ਟੀਮ ਵਿੱਚ ਕਸ਼ਿਸ਼, ਕਲੋਏ ਫਰਨੈਂਡਿਜ਼, ਅੰਜਲੀ ਅਤੇ ਰਣਬੀਰ ਕੌਰ ਨੇ ਬਿਹਤਰ ਖੇਡ ਦਾ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਤੀਰ ਅੰਦਾਜ਼ੀ (ਵੁਡਨ) ਵਰਗ ਵਿਚ ਵੀ ਮੋਦੀ ਕਾਲਜ ਦੀ ਅਮਨਦੀਪ ਕੌਰ, ਬੇਅੰਤ ਕੌਰ, ਕੋਮਲਪ੍ਰੀਤ ਅਤੇ ਪੱਲਵੀ ਨੇ ਖਾਲਸਾ ਕਾਲਜ, ਪਟਿਆਲਾ ਦੀਆਂ ਲੜਕੀਆਂ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਾਲਜ ਦੇ ਸਪੋਰਟਸ ਵਿਭਾਗ ਨੂੰ ਵਧਾਈ ਦਿੰਦਿਆਂ ਵਿਭਾਗ ਵੱਲੋਂ ਕੀਤੀ ਜਾ ਰਹੀ ਸਖ਼ਤ ਮਿਹਨਤ ਲਈ ਵਿਭਾਗ ਦੇ ਮੁਖੀ ਪ੍ਰੋ. ਨਿਸ਼ਾਨ ਸਿੰਘ, ਪ੍ਰੋ. ਹਰਨੀਤ ਸਿੰਘ ਅਤੇ ਮੈਡਮ ਮਨਦੀਪ ਕੌਰ ਦੀ ਭਰਪੂਰ ਪ੍ਰਸ਼ੰਸਾ ਕੀਤੀ।

पटियाला केसरी

अंतर कालेज तीरंदाजी (लड़कियां) : मोदी कालेज बना चैंपियन

# नवजीत, सरिता, पमिला, पूजा ने हासिल किया पहला स्थान



अंतर कालेज तीरंदाजी (लड़कियां) मुकाबले में ओवरऑल विजेता मोदी कालेज की टीम और कालेज के अधिकारी। (जोसन)

पटियाला, 11 दिसम्बर (जोसन): पंजाबी यूनिवर्सिटी कैम्पस में संपन्न हुई अंतर कालेज तीरंदाजी (लड़कियां) में मुलतानी मल्ल मोदी कालेज ने चैंपियनशिप जीत ली है। विजेता टीम की हौसलाअफजाई करते हुए कालेज प्रिंसीपल डा. खुशविन्दर कुमार ने कहा कि मोदी कालेज को अलग-अलग क्षेत्रों में नाम कमाने वाले अपने विद्यार्थियों की प्राप्तियों पर पूरा गर्व है और ऐसे होनहार विद्यार्थियों की सरपरस्ती करना कालेज का खुशगवार फर्ज है और यह फर्ज हम हमेशा पूरी सुहृदयता के साथ निभाते रहेंगे।

कालेज के डीन स्पोर्ट्स डा. गुरदीप सिंह संधू ने बताया कि मोदी कालेज की लड़कियों ने इन मुकाबलों के तीनों इवैंट्स, कम्पाऊंड, रिकरव और वुडन में शानदार जीत प्राप्त की है।

कालेज के प्रिंसीपल डा. खुशविन्दर कुमार ने विभाग के प्रमुख प्रो. निशान सिंह, प्रो. हरनीत सिंह और मैडम मनदीप कौर की भरपूर प्रशंसा की।

## तीरंदाजी (कम्पाऊंड) मुकाबले

नवजीत कौर, सरिता बूहिया, पमिला भूमिज और पूजा बेनीवाल ने पहला स्थान हासिल किया।

## तीरंदाजी (रिकरव) मुकाबले

कशिश, कलोए फरनैंडिज, अंजलि और रणबीर कौर ने बेहतर खेल का प्रदर्शन करके पहला स्थान हासिल किया।

## तीरंदाजी (वुडन) मुकाबले

मोदी कालेज की अमनदीप कौर, बेअंत कौर, कोमलप्रीत और पल्लवी ने खालसा कालेज पटियाला की लड़कियों को हरा कर पहला स्थान हासिल किया।

# ਪੰਜਾਬੀ ਯੂਨੀਵਰਸਿਟੀ ਤੀਰ-ਅੰਦਾਜ਼ੀ ਮੁਕਾਬਲਿਆਂ ਵਿਚ ਮੋਦੀ ਕਾਲਜ ਦੀਆਂ ਮੁਟਿਆਰਾਂ ਬਣੀਆਂ ਚੈਂਪੀਅਨ

ਪਟਿਆਲਾ, 11 ਦਸੰਬਰ (ਚਹਿਲ)-ਮੁਲਤਾਨੀ ਮੱਲ ਮੋਦੀ ਕਾਲਜ ਦੀਆਂ ਮੁਟਿਆਰਾਂ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਤੀਰ-ਅੰਦਾਜ਼ੀ ਚੈਂਪੀਅਨਸ਼ਿਪ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਹੈ। ਜੇਤੂ ਟੀਮ ਦਾ ਕਾਲਜ ਪਹੁੰਚਣ 'ਤੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਕਾਲਜ ਦੇ ਡੀਨ ਸਪੋਰਟਸ ਡਾ. ਗੁਰਦੀਪ ਸਿੰਘ ਸੰਧੂ ਨੇ ਜੇਤੂ ਖਿਡਾਰਨਾਂ ਦਾ ਸਵਾਗਤ ਕੀਤਾ। ਮੋਦੀ ਕਾਲਜ ਦੀਆਂ ਲੜਕੀਆਂ ਨੇ ਤਿੰਨਾਂ ਵਰਗਾਂ ਕੰਪਾਊਂਡ, ਰਿਕਰਵ ਤੇ ਵੁਡਨ ਵਿਚ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਕੰਪਾਊਂਡ ਟੀਮ ਦੀਆਂ ਲੜਕੀਆਂ ਨਵਜੀਤ ਕੌਰ, ਸਰਿਤਾ ਬੂਹੀਆ, ਪਰਿਮਲਾ ਭੂਮਿਕਾ ਅਤੇ ਪੂਜਾ ਬੇਨੀਵਾਲ ਨੇ ਚੁਪਕੀ ਕਾਲਜ ਦੀਆਂ ਲੜਕੀਆਂ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ।



ਮੋਦੀ ਕਾਲਜ ਦੀਆਂ ਜੇਤੂ ਖਿਡਾਰਨਾਂ ਪ੍ਰਿੰ. ਖੁਸ਼ਵਿੰਦਰ ਕੁਮਾਰ, ਪ੍ਰੋ. ਨਿਸ਼ਾਨ ਸਿੰਘ ਤੇ ਹੋਰਨਾਂ ਨਾਲ। ਅਜੀਤ ਤਸਵੀਰ

ਇਸੇ ਤਰ੍ਹਾਂ ਰਿਕਰਵ ਟੀਮ ਵਿੱਚ ਕਸ਼ਿਸ਼, ਕਲੋਏ ਫਰਨੈਂਡਿਜ਼, ਅੰਜਲੀ ਤੇ ਰਣਬੀਰ ਕੌਰ ਨੇ ਬਿਹਤਰ ਖੇਡ ਦਾ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਵੁਡਨ ਵਰਗ ਵਿਚ ਵੀ ਮੋਦੀ ਕਾਲਜ ਦੀ ਅਮਨਦੀਪ ਕੌਰ, ਬੇਅੰਤ ਕੌਰ, ਕੋਮਲਪ੍ਰੀਤ ਅਤੇ ਪੱਲਵੀ ਨੇ ਖ਼ਾਲਸਾ ਕਾਲਜ, ਪਟਿਆਲਾ ਦੀਆਂ ਲੜਕੀਆਂ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਾਲਜ ਦੇ ਖੇਡ ਵਿਭਾਗ ਨੂੰ ਵਧਾਈ ਦਿੰਦਿਆਂ ਖਿਡਾਰੀਆਂ ਤੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਨਿਸ਼ਾਨ ਸਿੰਘ, ਪ੍ਰੋ. ਹਰਨੀਤ ਸਿੰਘ ਅਤੇ ਮੈਡਮ ਮਨਦੀਪ ਕੌਰ ਦੀ ਭਰਪੂਰ ਪ੍ਰਸੰਸਾ ਕੀਤੀ ਹੈ।

# मोदी कालेज ने जीती अंतर कालेज तीरंदाजी चैंपियनशिप

**कम्पाउंड, रिकरव और वुडन में जीत प्राप्त की**

पटियाला, 11 दिसंबर (बलविन्द्र): मुलतानी मल मोदी कालेज ने पंजाबी यूनिवर्सिटी कैंपस में संपन्न हुई अंतर कालेज तीरंदाजी (लड़कियां) चैंपियनशिप जीत ली है। शानदार जीत प्राप्त करने उपरांत कालेज पहुंचने पर विजेता टीम की हौसला अफ़जाई करते प्रिंसीपल डा. खुशविन्दर कुमार ने कहा कि मोदी कालेज को अलग-अलग क्षेत्रों में नाम कमाने वाले अपने विद्यार्थियों की प्राप्तियों पर पूरा मान है और ऐसे होनहार विद्यार्थियों की सरप्रस्ती करना कालेज का फर्ज है।




**चैंपियनशिप जीतने के बाद कालेज की छात्राओं के साथ प्रिंसीपल खुशविन्द्र कुमार।**

कालेज के डीन स्पोर्ट्स डा. गुरदीप सिंह संधू ने बताया कि मोदी कालेज की लड़कियों ने इन मुकाबलों के तीनों इवेंटस, कम्पाउंड, रिकरव और वुडन में शानदार जीत प्राप्त की है।

तीरन्दाजी (कम्पाउंड) टीम की लड़कियां नवजीत कौर, सरीता बुहीया, परिमला भूमिज और पूजा बेनीवाल ने चुपकी कालेज की लड़कियों को हरा कर पहला स्थान हासिल किया। इसी तरह तीरन्दाजी (रिकर्व) टीम में कशिश, कलोए फरनांडीज, अंजली और रणबीर कौर ने बेहतर खेल का प्रदर्शन करके पहला स्थान हासिल किया। तीरन्दाजी (वुडन) वर्ग में भी मोदी कालेज की अमनदीप कौर, बेअंत कौर, कोमलप्रीत और पल्लवी ने खालसा कालेज, पटियाला की लड़कियों को हराकर पहला स्थान हासिल किया। प्रिंसीपल डा. खुशविन्दर कुमार ने कालेज के स्पोर्ट्स विभाग को बधाई देते विभाग की तरफ से की जा रही मेहनत के लिए विभाग के प्रमुख प्रो. निशान सिंह, प्रो. हरनीत सिंह और मनदीप कौर की भरपूर प्रशंसा की।

ਪੰਜਾਬੀ ਜਾਗਰਣ

# ਤੀਰਅੰਦਾਜ਼ੀ 'ਚ ਮੋਦੀ ਕਾਲਜ ਜੇਤੂ

**ਪੱਤਰ ਪ੍ਰੇਰਕ, ਪਟਿਆਲਾ :** ਮੁਲਤਾਨੀ ਮੱਲ ਮੋਦੀ ਕਾਲਜ ਨੇ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਸੰਪੰਨ ਹੋਈ ਅੰਤਰ ਕਾਲਜ ਤੀਰ-ਅੰਦਾਜ਼ੀ (ਲੜਕੀਆਂ) ਚੈਂਪੀਅਨਸ਼ਿਪ ਜਿੱਤ ਲਈ ਹੈ। ਸ਼ਾਨਦਾਰ ਜਿੱਤ ਪ੍ਰਾਪਤ ਕਰਨ ਉਪਰੰਤ ਕਾਲਜ ਪਹੁੰਚਣ ਤੇ ਜੇਤੂ ਟੀਮ ਦੀ ਹੌਂਸਲਾ ਅਫ਼ਜਾਈ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਮੋਦੀ ਕਾਲਜ ਨੂੰ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਆਪਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਤੇ ਪੂਰਾ ਮਾਣ ਹੈ।

ਅਜਿਹੇ ਹੋਣਹਾਰ ਵਿਦਿਆਰਥੀਆਂ ਦੀ ਸਰਪਰਸਤੀ ਕਰਨਾ ਕਾਲਜ ਦਾ ਖੁਸ਼ਗਵਾਰ ਫ਼ਰਜ਼ ਹੈ ਅਤੇ ਇਹ ਫ਼ਰਜ਼ ਅਸੀਂ ਹਮੇਸ਼ਾਂ ਪੂਰੀ ਸੁਹਿਰਦਤਾ ਨਾਲ ਨਿਭਾਉਂਦੇ ਰਹਾਂਗੇ। ਕਾਲਜ ਦੇ ਡੀਨ ਸਪੋਰਟਸ ਡਾ. ਗੁਰਦੀਪ ਸਿੰਘ ਸੰਧੂ ਨੇ ਇਸ ਮੌਕੇ ਦੱਸਿਆ ਕਿ ਮੋਦੀ ਕਾਲਜ ਦੀਆਂ ਲੜਕੀਆਂ ਨੇ ਇਨ੍ਹਾਂ ਮੁਕਾਬਲਿਆਂ ਦੇ ਤਿੰਨਾਂ ਈਵੈਂਟਸ, ਕੰਪਾਊਂਡ, ਰਿਕੱਰਵ ਅਤੇ ਵੁਡਨ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਤੀਰ ਅੰਦਾਜ਼ੀ (ਕੰਪਾਉਂਡ) ਟੀਮ ਦੀਆਂ ਲੜਕੀਆਂ - ਨਵਜੀਤ ਕੌਰ, ਸਰੀਤਾ ਬੂਹੀਆ, ਪਰਿਮਲਾ ਭੂਮਿਜ਼ ਅਤੇ ਪੂਜਾ ਬੇਨੀਵਾਲ ਨੇ ਚੁਪਕੀ ਕਾਲਜ ਦੀਆਂ ਲੜਕੀਆਂ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਤੀਰ ਅੰਦਾਜ਼ੀ (ਰਿਕੱਰਵ) ਟੀਮ ਵਿੱਚ ਕਸ਼ਿਸ਼, ਕਲੋਏ ਫਰਨੈਂਡਿਜ਼, ਅੰਜਲੀ ਅਤੇ ਰਣਬੀਰ ਕੌਰ ਨੇ ਬਿਹਤਰ ਖੇਡ ਦਾ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਤੀਰ ਅੰਦਾਜ਼ੀ (ਵੁਡਨ) ਵਰਗ ਵਿਚ ਵੀ ਮੋਦੀ ਕਾਲਜ ਦੀ ਅਮਨਦੀਪ ਕੌਰ, ਬੇਅੰਤ ਕੌਰ, ਕੋਮਲਪ੍ਰੀਤ ਅਤੇ ਪੱਲਵੀ ਨੇ ਖਾਲਸਾ ਕਾਲਜ, ਪਟਿਆਲਾ ਦੀਆਂ ਲੜਕੀਆਂ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ।



**ਕਾਲਜ ਸਟਾਫ ਨਾਲ ਜੇਤੂ ਵਿਦਿਆਰਥਣਾਂ।**

जागरण सिटी पटियाला

दैनिक जागरण पटियाला, 12 दिसंबर 2017

# तीरंदाजी में मोदी कॉलेज ओवरऑल विनर

## तीनों इवेंट्स में जीतीं कॉलेज की लड़कियां

जेएनएन पटियाला : पंजाबी यूनिवर्सिटी इंटर कॉलेज तीरंदाजी के मुकाबलों में मोदी कॉलेज ने ओवरऑल चैंपियनशिप जीती। शानदार जीत प्राप्त करने के बाद कॉलेज पहुंचने पर विजेता टीम को प्रोत्साहित करते हुए कॉलेज प्रिंसिपल डॉ. खुशविन्दर कुमार ने कहा कि मोदी कॉलेज को अलग-अलग क्षेत्रों में नाम कमाने वाले अपने विद्यार्थियों की उपलब्धियों पर पूरा मान है। कॉलेज के डीन स्पोर्ट्स डॉ. गुरदीप सिंह संधू ने बताया कि मोदी कॉलेज की लड़कियों ने इन मुकाबलों के तीनों इवेंट्स में जीत हासिल की। अंजलि और रणबीर कौर ने बेहतर खेल का प्रदर्शन करके पहला स्थान हासिल किया। मोदी कॉलेज की अमनदीप कौर, बेअंत कौर, कोमलप्रीत और पल्लवी ने खालसा कॉलेज, पटियाला की लड़कियों को हराकर पहला स्थान हासिल किया। कॉलेज के प्रिंसिपल डॉ. खुशविंदर कुमार ने कॉलेज के स्पोर्ट्स विभाग को बधाई दी।



विजेता टीम के साथ कॉलेज स्टाफ खुशी व्यक्त करते हुए। • जागरण

# GOLDEN JUBILEE CELEBRATIONS

दैनिक सवेरा टाइम्स

# मोदी कालेज पटियाला में सूफी गायन और कवि दरबार

## पद्मश्री सुरजीत पात्तर मुख्य मेहमान के तौर पर पहुंचे

पटियाला, 25 दिसंबर (बलविन्द्र): मोदी कालेज ने अपनी गोल्डन जुबली के मौके पर सूफ़ी गायकी और कवि दरबार का आयोजन किया, जिसकी पद्मश्री सुरजीत पात्तर ने मुख्य मेहमान के तौर पर सभापतित्व की। प्रिंसीपल डा. खुशविन्दर कुमार ने आए हुए मेहमानों का स्वागत किया और बताया कि मोदी कालेज में अकादमिक कामों के साथ-साथ और कलाओं में महारत हासिल करने के लिए विद्यार्थियों को मौके प्रदान किए जाते हैं और इसी मनोरथ के अंतर्गत यह सूफ़ी गायकी और कवि दरबार भी विद्यार्थियों को नामवर कवियों और गायकों के रू-ब-रू करवाने का एक विशेष यत्न है। इस कवि दरबार में सुखविन्दर अमृत, नरेश नाज़, सरदार पक्षी, मधु चोपड़ा, यशवंत विजेता, दर्शन बुट्टर, पूनम गुप्ता और महक भारती ने अपने चुनिन्दा कलाम पढ़े। इसके इलावा अमरजीत वड़ैच, आल इंडिया रेडियो, पटियाला और मोदी कालेज के अध्यापक डा. हरमन ने भी अपनी कविताएं सुनाई।




सुरजीत पात्तर को सम्मानित करते प्रिंसीपल खुशविन्द्र कौर।

सुरजीत पात्र ने अपनी कविता गुफ़्तगू के साथ श्रोते का मन मोह लिया...जित्थे मेरी बहस मेरे साथ ही है, जहां वारिस और पुरखे ठहरे रूबरू, जसवंत विजेता ने अपनी कविता भाई घनया सुनाई, सुखविन्दर अमृत ने भी कई प्रभावशाली नज़्में सुनाई, महक भारती जो कि इस कालेज की पुरानी छात्रा भी है और अंत्र-राष्ट्रीय स्तर की कवयित्री है, ने भी अपनी कविता सुनाई। प्रो. बलजिन्दर कौर और पूर्व प्रो. बलवीर सिंह ने मंच संचालन का काम बखूबी निभाया। इस मौके मुख्य मेहमान और सभी कवियों को याद चिह्न देकर सम्मानित किया गया। डा. गुरदीप सिंह, प्रमुख पंजाबी विभाग ने धन्यवाद का प्रस्ताव पेश किया। मौजूदा कालेज स्टाफ के इलावा पूर्व अध्यापक, कर्मचारी और पुराने विद्यार्थियों ने भी बड़ी संख्या में श्रोता के तौर पर भाग लेकर प्रोग्राम की शोभा में विस्तार किया।

(Daily Charhdikala, Patiala

# ਮੋਦੀ ਕਾਲਜ ਵਿਖੇ 'ਸੂਫ਼ੀ ਗਾਈਕੀ' ਅਤੇ 'ਕਵੀ ਦਰਬਾਰ' ਦਾ ਆਯੋਜਨ



ਪਟਿਆਲਾ, 25 ਦਸੰਬਰ (ਚ.ਨ.ਸ.): ਅੱਜ ਸ਼ਾਮ ਮੁਲਤਾਨੀ ਮੱਲ ਮੋਦੀ ਕਾਲਜ ਨੇ ਆਪਣੀ ਗੋਲਡਨ ਜੁਬਲੀ ਦੇ ਮੌਕੇ 'ਤੇ 'ਸੂਫ਼ੀ ਗਾਇਕੀ' ਅਤੇ 'ਕਵੀ ਦਰਬਾਰ' ਦਾ ਆਯੋਜਨ ਕੀਤਾ, ਜਿਸ ਵਿਚ ਪਦਮਸ੍ਰੀ ਸੁਰਜੀਤ ਪਾਤਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਮੋਦੀ ਕਾਲਜ ਵਿੱਚ ਅਕਾਦਮਿਕ ਕਾਰਜਾਂ ਦੇ ਨਾਲ-ਨਾਲ ਹੋਰ ਕਲਾਵਾਂ ਵਿੱਚ ਮੁਹਾਰਤ ਹਾਸਲ ਕਰਨ ਲਈ ਵਿਦਿਆਰਥੀਆਂ ਨੂੰ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਇਸੇ ਮਨੋਰਥ ਤਹਿਤ ਇਹ ਸੂਫ਼ੀ ਗਾਇਕੀ ਅਤੇ ਕਵੀ ਦਰਬਾਰ ਵੀ ਵਿਦਿਆਰਥੀਆਂ ਨੂੰ ਨਾਮਵਰ ਕਵੀਆਂ ਅਤੇ ਗਾਇਕਾਂ ਦੇ ਰੂ-ਬ-ਰੂ ਕਰਵਾਉਣ ਦਾ ਇੱਕ ਵਿਸ਼ੇਸ਼ ਯਤਨ ਹੈ। ਇਸ ਕਵੀ ਦਰਬਾਰ ਵਿੱਚ ਸੁਖਵਿੰਦਰ ਅੰਮ੍ਰਿਤ, ਨਰੇਸ਼ ਨਾਜ਼, ਸਰਦਾਰ ਪੰਛੀ, ਮਧੂ ਚੋਪੜਾ, ਜਸਵੰਤ ਜ਼ਾਫ਼ਰ, ਦਰਸ਼ਨ ਬੁੱਟਰ, ਪੂਨਮ ਗੁਪਤਾ ਅਤੇ ਮਹਿਕ ਭਾਰਤੀ ਨੇ ਆਪਣੇ ਚੁਨਿੰਦਾ ਕਲਾਮ ਪੜ੍ਹੇ। ਇਸ ਤੋਂ ਇਲਾਵਾ ਅਮਰਜੀਤ ਵੜੈਚ, ਆਲ ਇੰਡੀਆ ਰੇਡੀਓ, ਪਟਿਆਲਾ ਅਤੇ ਮੋਦੀ ਕਾਲਜ ਦੇ ਅਧਿਆਪਕ ਡਾ. ਹਰਮਨ ਨੇ ਵੀ ਆਪਣੀਆਂ ਕਵਿਤਾਵਾਂ ਸੁਣਾਈਆਂ। ਸੁਰਜੀਤ ਪਾਤਰ ਨੇ ਆਪਣੀ ਕਵਿਤਾ 'ਗੁਫ਼ਤਗੂ' ਨਾਲ ਸਰੋਤਿਆਂ ਦਾ ਮਨ ਮੋਹ ਲਿਆ: ...ਜਿੱਥੇ ਮੇਰੀ ਬਹਿਸ ਮੇਰੇ ਨਾਲ ਹੀ ਹੈ, ਜਿੱਥੇ ਵਾਰਿਸ ਤੇ ਪੁਰਖੇ ਖੜ੍ਹੇ ਰੂ-ਬ-ਰੂ... ਜਸਵੰਤ ਜ਼ਾਫ਼ਰ ਨੇ ਆਪਣੀ ਕਵੀਤਾ 'ਭਾਈ ਘਨੱਈਆ' ਸੁਣਾਈ: ...ਸੀਸ ਤਾਂ ਹਮੇਸ਼ਾ ਇੱਕਲਾ ਹੁੰਦਾ, ਸਿਰਾਂ ਦੀਆਂ ਡਾਰਾਂ ਹੋ ਸਕਦੀਆਂ, ਸੀਸ ਦਾ ਬਹੁ-ਵਚਨੀ ਸ਼ਬਦ ਨਹੀਂ ਹੁੰਦਾ...ਸੁਖਵਿੰਦਰ ਅੰਮ੍ਰਿਤ ਨੇ ਵੀ ਕਈ ਪ੍ਰਭਾਵਸ਼ਾਲੀ ਨਜ਼ਮਾਂ ਸੁਣਾਈਆਂ: ...ਜੇ ਰਾਹਾਂ ਵਿੱਚ ਬੰਦਿਆਂ ਦੇ ਮੂੰਹਾਂ ਵਾਲੇ ਸ਼ੇਰ-ਬਘੇਲੇ ਨਾ ਹੁੰਦੇ, ਤਾਂ ਕੁੜੀਆਂ ਵੀ ਜਾ ਸਕਦੀਆਂ ਸੀ ਬਾਬੇ ਨਾਨਕ ਵਾਂਙੂ ਉਦਾਸੀਆਂ 'ਤੇ... ਪੂਨਮ ਗੁਪਤਾ ਨੇ ਵੀ ਆਪਣੀ ਸ਼ਾਇਰੀ ਸਰੋਤਿਆਂ ਨਾਲ ਸਾਂਝੀ ਕੀਤੀ: ...ਮੁਹੱਬਤ ਮੇਂ ਕਸ਼ਿਸ਼ ਤੋ ਹੈ, ਤੁਮ ਹੀ ਨੇ ਕੋਈ ਭੂਲ ਕੀ ਹੋਗੀ... ਮਹਿਕ ਭਾਰਤੀ ਜੋ ਕਿ ਇਸ ਕਾਲਜ ਦੀ ਪੁਰਾਣੀ ਵਿਦਿਆਰਥਣ ਵੀ ਹੈ ਅਤੇ ਅੰਤਰ-ਰਾਸ਼ਟਰੀ ਪੱਧਰ ਦੀ ਕਵਿਤਰੀ ਹੈ, ਨੇ ਵੀ ਆਪਣੀ ਕਵਿਤਾ ਸੁਣਾਈ: ...ਸਾਰੀ ਬੁਲੰਦੀਓਂ ਕੋ ਪਲ ਭਰ ਮੇਂ ਜਾ ਕੇ ਛੂ ਲੂੰ, ਮੇਰੀ ਸੋਚ ਕੇ ਪਰਿੰਦੇ ਕੋ ਐਸੀ ਉਡਾਨ ਦੇ-ਦੇ ਅਗਰ ਮੇਰੇ ਫ਼ਨ ਕੋ ਆਜ ਤੂ ਆਜ਼ਮਾਨਾ ਚਾਹਤਾ ਹੈ, ਏਕ ਬਾਰ ਮੇਰੇ ਹਾਥ ਅਪਣੀ ਕਮਾਨ ਦੇ-ਦੇ... ਪ੍ਰੋ. ਡਾ. ਹਰਮਨ ਨੇ ਵੀ ਆਪਣੀ ਤਾਜ਼ਾ ਕਵਿਤਾਵਾਂ ਨੂੰ ਪੜ੍ਹੀਆਂ। ਵਹਿਸ਼ਤ, ਧਿਆਨ, ਚਿੰਤਨ, ਭਟਕਣ, ਜਨੂੰਨ, ਸ਼ਿੱਦਤ ਮੁੱਕੇ ਨੇ ਜਿੱਥੇ ਆ ਕੇ, ਤੇਰੀ ਸਾਦਗੀ ਖੜ੍ਹੀ ਹੈ। ਪ੍ਰੋ. ਬਲਜਿੰਦਰ ਕੌਰ ਅਤੇ ਸਾਬਕਾ ਪ੍ਰੋ. ਬਲਵੀਰ ਸਿੰਘ ਨੇ ਮੰਚ ਸੰਚਾਲਨ ਦਾ ਕੰਮ ਬਾਖੂਬੀ ਨਿਭਾਇਆ। ਡਾ. ਗੁਰਦੀਪ ਸਿੰਘ, ਮੁਖੀ ਪੰਜਾਬੀ ਵਿਭਾਗ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਮੌਜੂਦਾ ਕਾਲਜ ਸਟਾਫ਼ ਤੋਂ ਇਲਾਵਾ ਸਾਬਕਾ ਅਧਿਆਪਕ, ਕਰਮਚਾਰੀ ਅਤੇ ਪੁਰਾਣੇ ਵਿਦਿਆਰਥੀਆਂ ਨੇ ਵੀ ਵੱਡੀ ਗਿਣਤੀ ਵਿੱਚ ਸਰੋਤਿਆਂ ਵਜੋਂ ਭਾਗ ਲੈ ਕੇ ਪ੍ਰੋਗਰਾਮ ਦੀ ਸ਼ੋਭਾ ਵਿੱਚ ਵਾਧਾ ਕੀਤਾ।

## ਬਲਾਤਕਾਰ ਕਰਨ ਦੀ ਕੋਸ਼ਿਸ਼

ਪਟਿਆਲਾ, 25 ਦਸੰਬਰ (ਵਿਨੋਦ ਸ਼ਰਮਾ) : ਥਾਣਾ ਖੇੜੀ ਗੰਢੀਆਂ ਪੁਲਿਸ ਕੋਲ ਕ੍ਰਿਸ਼ਨ ਕੁਮਾਰ ਪੁੱਤਰ ਬਸੇਰਾਮ ਵਾਸੀ ਸਨੌਲੀਆ ਨੇ ਕਥਿਤ ਦੋਸ਼ੀ ਅਮਰੀਕ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਪਿੰਡ ਸਨੌਲੀਆ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਥਿਤ ਦੋਸ਼ੀ ਨੇ ਪਿੰਡ ਦੀ ਧਰਮਸ਼ਾਲਾ ਵਿੱਚ ਉਸ ਦੀ ਲੜਕੀ ਉਮਰ ਸਾਢੇ 5 ਸਾਲ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਧਾਰਾ 376,511 ਆਈ.ਪੀ.ਸੀ., 4 ਪੋਕਸੋ ਐਕਟ 2012 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

hindustantimes

# RS 5 LAKH GRANT FOR MM COLLEGE

**PATIALA:** Cabinet minister Brahm Mohindra on Sunday announced a grant of Rs 5 lakh for the academic development of Multani Mal Modi College, during a function to mark the golden jubilee year of the college on Sunday. The minister was the chief guest on the occasion. College principal Khushvinder Kumar presented a brief profile of the college for the last 50 years. The Chief Guest released a souvenir prepared by the college covering its memorable moments and inaugurated an exhibition organised by students of the college. A cultural programme was also held to entertain the audience. **HTC**

ਪੰਜਾਬੀ ਜਾਗਰਣ

# 'ਸੂਫ਼ੀ ਗਾਇਕੀ' ਨਾਲ ਮਹਿਕੀ ਮੋਦੀ ਕਾਲਜ ਦੀ ਫਿਜ਼ਾ

**ਪੱਤਰ ਪ੍ਰੇਰਕ, ਪਟਿਆਲਾ** : ਮੁਲਤਾਨੀ ਮੱਲ ਮੋਦੀ ਕਾਲਜ ਨੇ ਆਪਣੀ ਗੋਲਡਨ ਜੁਬਲੀ ਦੇ ਮੌਕੇ 'ਸੂਫ਼ੀ ਗਾਇਕੀ' ਅਤੇ 'ਕਵੀ ਦਰਬਾਰ' ਕਰਵਾਇਆ ਗਿਆ। ਜਿਸਦੀ ਮੁੱਖ ਮਹਿਮਾਨ ਵਜੋਂ ਪਦਮ ਸ੍ਰੀ ਸੁਰਜੀਤ ਪਾਤਰ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਾਲਜ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਇਸ ਕਵੀ ਦਰਬਾਰ ਵਿਚ ਸੁਖਵਿੰਦਰ ਅਮ੍ਰਿਤ, ਨਰੇਸ਼ ਨਾਜ਼, ਸਰਦਾਰ ਪੰਛੀ, ਮਧੂ ਚੋਪੜਾ, ਜਸਵੰਤ ਜ਼ਾਫ਼ਰ, ਦਰਸ਼ਨ ਬੁੱਟਰ, ਪੂਨਮ ਗੁਪਤਾ ਅਤੇ ਮਹਿਕ ਭਾਰਤੀ ਨੇ ਆਪਣੇ ਚੁਨਿੰਦਾ ਕਲਾਮ ਪੜ੍ਹੇ। ਇਸ ਤੋਂ ਇਲਾਵਾ ਅਮਰਜੀਤ ਵੜੈਚ, ਆਲ ਇੰਡੀਆ ਰੇਡੀਓ, ਪਟਿਆਲਾ ਅਤੇ ਮੋਦੀ ਕਾਲਜ ਦੇ ਅਧਿਆਪਕ ਡਾ. ਹਰਮਨ ਨੇ ਵੀ ਆਪਣੀਆਂ ਕਵਿਤਾਵਾਂ ਸੁਣਾਈਆਂ। ਸੁਰਜੀਤ ਪਾਤਰ ਨੇ ਆਪਣੀ ਕਵਿਤਾ 'ਗੁਫ਼ਤਗੂ' ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਜਸਵੰਤ ਜ਼ਾਫ਼ਰ ਨੇ ਆਪਣੀ ਕਵੀਤਾ 'ਭਾਈ ਘਨਇਆ' ਤੇ ਸੁਖਵਿੰਦਰ ਅੰਮ੍ਰਿਤ ਨੇ ਵੀ ਕਈ ਪ੍ਰਭਾਵਸ਼ਾਲੀ ਨਜ਼ਮਾਂ ਸੁਣਾਈਆਂ। ਪੂਨਮ ਗੁਪਤਾ ਨੇ ਵੀ



**ਸਮਾਗਮ ਮੌਕੇ ਵਿਚਾਰ ਸਾਂਝੇ ਕਰਦੇ ਹੋਏ ਪਦਮਸ਼੍ਰੀ ਸੁਰਜੀਤ ਪਾਤਰ।**

ਆਪਣੀ ਸ਼ਾਇਰੀ ਸਰੋਤਿਆਂ ਨਾਲ ਸਾਂਝੀ ਕੀਤੀ ਜਦੋਂਕਿ ਮਹਿਕ ਭਾਰਤੀ ਨੇ ਵੀ ਆਪਣੀ ਕਵਿਤਾ ਸੁਣਾਈ। ਇਸ ਮੌਕੇ ਪ੍ਰੋ. ਬਲਜਿੰਦਰ ਕੌਰ ਅਤੇ ਸਾਬਕਾ ਪ੍ਰੋ. ਬਲਵੀਰ ਸਿੰਘ ਨੇ ਮੰਚ ਸੰਚਾਲਨ ਦਾ ਕੰਮ ਬਾਖੂਬੀ ਨਿਭਾਇਆ। ਇਸ ਮੌਕੇ ਮੁੱਖ ਮਹਿਮਾਨ ਅਤੇ ਸਾਰੇ ਕਵੀਆਂ ਨੂੰ ਯਾਦ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪੰਜਾਬੀ ਵਿਭਾਗ ਮੁਖੀ ਡਾ. ਗੁਰਦੀਪ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।

**दैनिक जागरण**

खुशी के पल

मुल्तानी मल मोदी कॉलेज ने कॉलेज के 50 साल पूरे होने पर मनाया गोल्डन जुबली समारोह

# सेहत मंत्री ने मुल्तानी मल मोदी कॉलेज को दिए 5 लाख





गोल्डन जुबली में उद्घाटन करते हुए सेहत मंत्री ब्रह्म महिंदरा। (दाएं) गोल्डन जुबली समारोह में सोविनार रिलीज करते हुए सेहत मंत्री ब्रह्म महिंदरा एवं अन्य • जागरण

**जागरण संवाददाता, पटियाला :** मुल्तानी मल मोदी कॉलेज ने रविवार को कॉलेज को 50 साल पूरे होने पर गोल्डन जुबली समारोह मनाया। कार्यक्रम में बतौर मुख्य मेहमान शिरकत करने पहुंचे सेहत मंत्री ब्रह्म मोहिंदरा ने कॉलेज के अकादमिक विकास के लिए 5 लाख रुपये का अनुदान जारी करने की घोषणा की। कॉलेज की ओर से पुराने अध्यापकों, विद्यार्थियों और कर्मचारियों को सोविनर व गोल्डन जुबली स्मृति चिन्ह भेंट किए गए।

प्रिंसिपल डॉ. खुशविंदर कुमार ने कॉलेज की 50 सालों की उपलब्धियों का संक्षिप्त विवरण मौजूद मेहमानों के सामने रखा। मुख्य मेहमान के तौर पर सेहत मंत्री ब्रह्म महिंदरा ने शिरकत की। सेहत मंत्री ने अपने संबोधन के दौरान कालेज द्वारा शिक्षा के क्षेत्र में दिए गए योगदान का उल्लेख किया। ब्रह्म महिंदरा ने कॉलेज के फैशन एंड टेक्नोलॉजी विभाग द्वारा लगाई गई प्रदर्शनी का उद्घाटन किया। सेहत मंत्री ने पांच लाख की अनुदान राशि कालेज के अकादमिक विकास के लिए देने की भी घोषणा की। कार्यक्रम में पंजाबी यूनिवर्सिटी के डीन अकादमिक मामले डॉ. इंदरजीत सिंह व डीन कॉलेज विकास कौंसिल प्रो. कुलबीर सिंह के अलावा इंफरमेशन कमिश्नर पंजाब डॉ. पवन कुमार सिंगला तथा पीआरटीसी चेयरमैन केके शर्मा विशेष मेहमान के तौर पर पहुंचे। प्रिंसिपल डॉ. खुशविन्दर कुमार ने आए मेहमानों का स्वागत किया और पिछले 50 सालों की उपलब्धियों का संक्षिप्त ब्यौरा दिया। उन्होंने यह भी कहा कि हमें अपने पुराने विद्यार्थियों की उपलब्धियों पर गर्व है। कॉलेज मैनेजिंग कमेटी के चेयरमैन सुदर्शन कुमार मोदी, वाइस चेयरमैन तरुण मोदी, मैनेजिंग कमेटी के मेंबर्स रानी मोदी, प्रो. सुरिंदर लाल, कर्नल करमिंदर सिंह और शिवानी मोदी ने कार्यक्रम में शिरकत करने के लिए पहुंचे मेहमानों का स्वागत किया।

ਪਟਿਆਲਾ ਬਾਣੀ

# ਮੋਦੀ ਕਾਲਜ ਨੇ ਮਨਾਇਆ ਗੋਲਡਨ ਜੁਬਲੀ ਸਮਾਰੋਹ

## ਬ੍ਰਹਮ ਮਹਿੰਦਰਾ ਵੱਲੋਂ ਕਾਲਜ ਨੂੰ ਅਕਾਦਮਿਕ ਵਿਕਾਸ ਲਈ 5 ਲੱਖ ਦੇਣ ਦਾ ਐਲਾਨ

ਪਟਿਆਲਾ, 25 ਦਸੰਬਰ (ਜੋਸਨ, ਜ.ਬ.)- ਪੰਜਾਬ ਦੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਮੋਦੀ ਕਾਲਜ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਅਕਾਦਮਿਕ ਵਿਕਾਸ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਨ ਦਾ ਐਲਾਨ ਕੀਤਾ। ਅੱਜ ਇਥੇ ਮੁਲਤਾਨੀ ਮੱਲ ਮੋਦੀ ਕਾਲਜ ਨੇ ਆਪਣੇ 50 ਸਾਲ ਪੂਰੇ ਹੋਣ 'ਤੇ ਗੋਲਡਨ ਜੁਬਲੀ ਸਮਾਰੋਹ ਮੌਕੇ ਪੁੱਜੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਬ੍ਰਹਮ ਮਹਿੰਦਰਾ ਨੇ ਕਾਲਜ ਦੇ ਫੈਸ਼ਨ ਅਤੇ ਟੈਕਨਾਲੋਜੀ ਵਿਭਾਗ ਵੱਲੋਂ ਲਾਈ ਗਈ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ।

ਇਸ ਮੌਕੇ ਕੇ. ਕੇ. ਸ਼ਰਮਾ ਚੇਅਰਮੈਨ, ਪੀ. ਆਰ. ਟੀ. ਸੀ., ਡਾ. ਪਵਨ ਕੁਮਾਰ ਸਿੰਗਲਾ ਇਨਫਰਮੇਸ਼ਨ ਕਮਿਸ਼ਨਰ ਪੰਜਾਬ, ਡਾ. ਇੰਦਰਜੀਤ ਸਿੰਘ ਡੀਨ ਅਕਾਦਮਿਕ ਮਾਮਲੇ ਅਤੇ ਪ੍ਰੋ. ਕੁਲਬੀਰ ਸਿੰਘ ਢਿੱਲੋਂ ਡੀਨ ਕਾਲਜ ਵਿਕਾਸ ਕੌਂਸਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਪਿਛਲੇ 50 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਸੰਖੇਪ ਰੂਪ ਵਿਚ ਦੱਸਿਆ। ਸੇਠ ਸੁਦਰਸ਼ਨ ਕੁਮਾਰ ਮੋਦੀ, ਚੇਅਰਮੈਨ ਕਾਲਜ ਮੈਨੇਜਿੰਗ ਕਮੇਟੀ ਸ਼੍ਰੀ ਤਰੁਣ ਮੋਦੀ, ਵਾਈਸ ਚੇਅਰਮੈਨ ਰਾਣੀ ਮੋਦੀ, ਪ੍ਰੋ. ਸੁਰਿੰਦਰ ਲਾਲ, ਕਰਨਲ ਕਰਮਿੰਦਰ ਸਿੰਘ, ਮੈਂਬਰ ਮੈਨੇਜਿੰਗ ਕਮੇਟੀ ਅਤੇ ਸ਼ਿਵਾਨੀ ਮੋਦੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਕਾਲਜ ਵੱਲੋਂ ਪਿਛਲੇ 50 ਸਾਲਾਂ ਦੀਆਂ ਮੁੱਖ ਘਟਨਾਵਾਂ ਨੂੰ ਦਰਸਾਉਂਦਾ ਸੋਵੀਨਰ ਵੀ ਰਿਲੀਜ਼ ਕੀਤਾ ਗਿਆ। ਕੇ. ਕੇ. ਸ਼ਰਮਾ ਨੇ ਆਪਣੇ ਉਨ੍ਹਾਂ ਦਿਨਾਂ ਨੂੰ ਯਾਦ ਕੀਤਾ ਜਦੋਂ ਉਹ ਇਸ ਕਾਲਜ ਦੀ ਪਹਿਲੀ ਵਿਦਿਆਰਥੀ ਪ੍ਰੀਸ਼ਦ ਦੇ ਪ੍ਰਧਾਨ ਬਣੇ ਸਨ। ਇਸ ਕਾਲਜ ਨੇ ਉਨ੍ਹਾਂ ਦੀ ਸ਼ਖ਼ਸੀਅਤ ਉਸਾਰੀ ਵਿਚ ਵੱਡਾ ਯੋਗਦਾਨ ਪਾਇਆ ਹੈ। ਡਾ. ਪਵਨ ਕੁਮਾਰ ਸਿੰਗਲਾ, ਜੋ ਇਸ ਕਾਲਜ ਦੇ ਵਿਦਿਆਰਥੀ ਅਤੇ ਤਕਰੀਬਨ 25 ਸਾਲ ਲਈ ਅਧਿਆਪਕ ਵੀ ਰਹੇ ਹਨ, ਨੇ ਕਾਲਜ ਨੂੰ 50 ਸਾਲ ਪੂਰੇ ਕਰਨ 'ਤੇ ਮੁਬਾਰਕਬਾਦ ਦਿੱਤੀ। ਡਾ. ਕੁਲਬੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਇਸ ਕਾਲਜ ਦੇ ਅਨੁਸ਼ਾਸਨ ਅਤੇ ਅਕਾਦਮਿਕ ਵਾਤਾਵਰਣ ਦੀ ਪ੍ਰਸ਼ੰਸਾ ਸੁਣ ਕੇ ਹੀ ਇਥੇ ਦਾਖ਼ਲਾ ਲਿਆ ਸੀ। ਉਹ ਸਾਰੀ ਜ਼ਿੰਦਗੀ ਉਸ ਫੈਸਲੇ ਤੋਂ ਖੁਸ਼ ਰਹਿਣਗੇ। ਇਸ ਮੌਕੇ ਡਾ. ਗੁਰਵਿੰਦਰ ਸਿੰਘ ਰਜਿਸਟਰਾਰ, ਥਾਪਰ ਇੰਸਟੀਚਿਊਟ ਆਫ਼ ਤਕਨਾਲੋਜੀ ਪਟਿਆਲਾ ਅਤੇ ਪ੍ਰੋ. ਬਾਵਾ ਸਿੰਘ ਘੱਟ-ਗਿਣਤੀ ਕਮਿਸ਼ਨ ਦੇ ਸਾਬਕਾ ਵਾਈਸ ਚੇਅਰਮੈਨ ਵੀ ਹਾਜ਼ਰ ਸਨ।



ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੂੰ ਸਨਮਾਨਿਤ ਕਰਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਹੋਰ। (ਜੋਸਨ)

दैनिक सवेरा टाइम्स | जालंधर, सोमवार, 25 दिसम्बर 2017

# मोदी कालेज ने गोल्डन जुबली समारोह मनाया







गोल्डन जुबली समारोह का शुभारंभ दीप प्रजवल्लित करके करते मुख्य मेहमान ब्रह्म मोहिन्द्रा व अन्य, (मध्य) समारोह मे कालेज का सोवीनर रिलीज करते ब्रह्म मोहिन्द्रा, के.के. शर्मा, प्रिंसीपल खुशविन्द्र कुमार व अन्य तथा (दाएं) समारोह मे कैबन्टि मंत्री ब्रह्म मोहिन्द्रा के.के. शर्मा को सम्मानित करते हुए।

पटियाला, 24 दिसंबर (बलविन्द्र): मुलतानी मल मोदी कालेज ने अपने 50 साल पूरे होने पर गोल्डन जुबली समारोह मनाया, जिसमें ब्रह्म मोहिन्द्रा, सेहत और परिवार भलाई मंत्री पंजाब सरकार ने मुख्य मेहमान के तौर पर सभापतित्व की। के.के. शर्मा चेयरमैन पी.आर.टी.सी., डा. पवन कुमार सिंगला इंफरमेशन कमिश्नर, पंजाब, डा. इन्द्रजीत सिंह, डीन अकादमिक मामले और प्रो. कुलबीर सिंह ढिल्लों, डीन कालेज विकास कौंसिल पंजाबी यूनिवर्सिटी पटियाला ने विशेष मेहमान के तौर पर शिरकत की।

प्रिंसीपल डा. खुशविन्दर कुमार ने आए मेहमानों का स्वागत किया और पिछले 50 सालों की प्राप्तियां को संक्षिप्त रूप में बताया। उन्होंने यह भी कहा कि हमें अपने पुराने विद्यार्थियों की प्राप्तियों का मान है और किसी भी कालेज की कारगुजारी उसके विद्यार्थियों की तरफ से प्राप्तियों के साथ जुड़ी है। सेठ सुदर्शन कुमार मोदी, चेयरमैन, कालेज मैनेजिंग समिति, तरूण मोदी, वाइस चेयरमैन, रानी मोदी, प्रो. सुरिन्दर लाल, कर्नल करमिन्दर सिंह, मैंबर मैनेजिंग समिति और शिवानी मोदी ने आए मेहमानों को गुलदस्ते भेंट करके स्वागत किया। इस मौके कालेज की तरफ से पिछले 50 सालों की मुख्य घटनाओं को दिखाता हुआ सोवीनर भी रिलीज किया गया। ब्रह्म मोहिन्द्रा ने कालेज की प्राप्तियों की सराहना की और अकादमिक विकास के लिए पांच लाख रुपए की अनुदान जारी करने का ऐलान किया। उन्होंने कालेज के फैशन और टैकनालोजी विभाग की तरफ से लगाई गई प्रदर्शनी का उद्घाटन भी किया। के.के. शर्मा ने अपने उन दिनों को याद किया जब वह इस कालेज की पहली विद्यार्थी परिषद के प्रधान बने थे। डा. पवन कुमार सिंगला, जो इस कालेज के विद्यार्थी और तकरीबन 25 साल के लिए अध्यापक भी रहे हैं, ने कालेज को 50 साल पूरे करने पर मुबारकबाद दी और मोदी कालेज की अलूमनी को और एक्टिव करने की गुजारिश की। डा. कुलबीर सिंह ढिल्लों ने बताया कि उन्होंने इस कालेज के अनुशासन और अकादमिक वातावरण की प्रशंसा सुन कर ही यहाँ दाखिला लिया था और वह सारी ज़िंदगी उस फ़ैसले से खुश रहेंगे। इस मौके डा. गुरविन्दर सिंह, रजिस्ट्रार, थापर इंस्टिट्यूट आफ प्रौद्योगिकी, पटियाला और प्रो. बावा सिंह, कम संख्या कमीशन के पूर्व वाइस चेयरमैन भी उपस्थित थे। इस मौके उच्च पदवियों के सुशोभित बहुत से पुराने विद्यार्थी भी उपस्थित थे, जिन्होंने कालेज में आ कर अपने पुराने समय को याद किया। पुराने अध्यापक और अन्य कर्मचारी भी उपस्थित थे। कालेज ने इन सभी को सोवीनर और गोल्डन जुबली के लिए तैयार करवाया गया खास सम्मान चिह्न भेंट किया।



कैबिनेट मंत्री ब्रह्म मोहिन्द्रा को सम्मानित करते प्रिंसीपल खुशविन्द्र कुमार व अन्य कालेज स्टाफ।

वाइस प्रिंसीपल प्रो. निर्मल सिंह ने धन्यवाद का प्रस्ताव पेश किया और बताया कि पुराने प्रिंसीपल, अध्यापकों और कर्मचारियों द्वारा स्थापित की ऊंची कदरों-कीमतों की वजह से आज हमारा कालेज नामवार कालेजों की सूची में ऊपरी कतार में शामिल है। प्रो. (श्रीमती) बलजिन्दर कौर, प्रो. (श्रीमती) सैलेंदर सिद्धू, डा. अजीत कुमार और डा. गणेश सेठी ने मंच संचालन का कार्य बखूबी निभाया। कालेज के विद्यार्थियों ने प्रोग्राम चलाने में बड़ा सहयोग दिया। एन.सी.सी. कैडेटस ने मेहमानों को सलामी दी और कालेज की गिद्दा टीम ने अपनी कला का प्रदर्शन किया।

ਪੰਜਾਬੀ ਟ੍ਰਿਬਿਊਨ, ਮੰਗਲਵਾਰ, 26 ਦਸੰਬਰ 2017

# ਮੋਦੀ ਕਾਲਜ ਦੀ ਗੋਲਡਨ ਜੁਬਲੀ ਮੌਕੇ ਕਵੀ ਦਰਬਾਰ

## ਪਦਮਸ੍ਰੀ ਸੁਰਜੀਤ ਪਾਤਰ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ; ਕਵੀਆਂ ਨੇ ਸਰੋਤੇ ਕੀਲੇ

ਨਿੱਜੀ ਪੱਤਰ ਪ੍ਰੇਰਕ

**ਪਟਿਆਲਾ, 25 ਦਸੰਬਰ**

ਮੁਲਤਾਨੀ ਮੱਲ ਮੋਦੀ ਕਾਲਜ ਨੇ ਗੋਲਡਨ ਜੁਬਲੀ ਮੌਕੇ ਸੂਫ਼ੀ ਗਾਇਕੀ ਅਤੇ ਕਵੀ ਦਰਬਾਰ ਕਰਵਾਇਆ ਜਿਸ 'ਚ ਪਦਮ ਸ੍ਰੀ ਸੁਰਜੀਤ ਪਾਤਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਾਲਜ ਵੱਲੋਂ ਡਾ. ਪਾਤਰ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਕਵੀ ਦਰਬਾਰ ਵਿੱਚ ਸੁਖਵਿੰਦਰ ਅੰਮ੍ਰਿਤ, ਨਰੇਸ਼ ਨਾਜ਼, ਸਰਦਾਰ ਪੰਛੀ, ਮਧੂ ਚੋਪੜਾ, ਜਸਵੰਤ ਜ਼ਫ਼ਰ, ਦਰਸ਼ਨ ਬੁੱਟਰ, ਪੂਨਮ ਗੁਪਤਾ ਅਤੇ ਮਹਿਕ ਭਾਰਤੀ ਨੇ ਆਪਣੇ ਕਲਾਮ ਪੜ੍ਹੇ। ਇਸ ਤੋਂ ਇਲਾਵਾ ਅਮਰਜੀਤ ਵੜੈਚ, ਆਲ ਇੰਡੀਆ ਰੇਡੀਓ, ਪਟਿਆਲਾ ਅਤੇ ਮੋਦੀ ਕਾਲਜ ਦੇ ਅਧਿਆਪਕ ਡਾ. ਹਰਮਨ ਨੇ ਵੀ ਆਪਣੀਆਂ ਕਵਿਤਾਵਾਂ ਸੁਣਾਈਆਂ। ਇਸ ਦੌਰਾਨ ਸੁਰਜੀਤ ਪਾਤਰ ਨੇ ਆਪਣੀ ਕਵਿਤਾ 'ਗੁਫ਼ਤਗੂ' ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਜਸਵੰਤ ਜ਼ਫ਼ਰ ਨੇ ਆਪਣੀ ਕਵਿਤਾ 'ਭਾਈ ਘਨੱਈਆ' ਸੁਣਾ ਕੇ ਵਾਹ-ਵਾਹ ਖੱਟੀ। ਸੁਖਵਿੰਦਰ ਅੰਮ੍ਰਿਤ ਨੇ ਵੀ ਕਈ ਪ੍ਰਭਾਵਸ਼ਾਲੀ ਨਜ਼ਮਾਂ ਸੁਣਾਈਆਂ ਜਦੋਂ ਕਿ ਪੂਨਮ ਗੁਪਤਾ ਨੇ ਵੀ ਆਪਣੀ ਸ਼ਾਇਰੀ ਸਰੋਤਿਆਂ ਨਾਲ ਸਾਂਝੀ ਕੀਤੀ। ਇਸੇ ਤਰ੍ਹਾਂ ਮਹਿਕ ਭਾਰਤੀ ਜੋ ਕਿ ਇਸ ਕਾਲਜ ਦੀ ਪੁਰਾਣੀ ਵਿਦਿਆਰਥਣ ਹੈ, ਨੇ ਵੀ ਆਪਣੀ ਕਵਿਤਾ ਸੁਣਾਈ। ਡਾ. ਹਰਮਨ ਨੇ ਵੀ ਆਪਣੀ ਤਾਜ਼ਾ ਕਵਿਤਾਵਾਂ ਨੂੰ ਪੜ੍ਹਿਆ। ਪ੍ਰੋਗਰਾਮ ਦੌਰਾਨ ਪ੍ਰੋ. ਬਲਜਿੰਦਰ ਕੌਰ ਅਤੇ ਸਾਬਕਾ ਪ੍ਰੋ. ਬਲਵੀਰ ਸਿੰਘ ਨੇ ਮੰਚ ਸੰਚਾਲਨ ਦਾ ਕੰਮ ਨਿਭਾਇਆ।

ਇਸ ਮੌਕੇ ਮੁੱਖ ਮਹਿਮਾਨ ਅਤੇ ਸਾਰੇ ਕਵੀਆਂ ਨੂੰ ਯਾਦ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਡਾ. ਗੁਰਦੀਪ ਸਿੰਘ, ਮੁਖੀ ਪੰਜਾਬੀ ਵਿਭਾਗ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।




ਮੁੱਖ ਮਹਿਮਾਨ ਸੁਰਜੀਤ ਪਾਤਰ ਦਾ ਸਨਮਾਨ ਕਰਦੇ ਹੋਏ ਕਾਲਜ ਦੇ ਪ੍ਰਬੰਧਕ। -ਫੋਟੋ: ਭਿੰਡਰ

(Daily Charhdikala, Patiala

# ਬ੍ਰਹਮ ਮਹਿੰਦਰਾ ਵੱਲੋਂ ਮੋਦੀ ਕਾਲਜ ਨੂੰ 5 ਲੱਖ ਦੀ ਗ੍ਰਾਂਟ ਦਾ ਐਲਾਨ

## —ਮੋਦੀ ਕਾਲਜ ਨੇ ਗੋਲਡਨ ਜੁਬਲੀ ਸਮਾਰੋਹ ਮਨਾਇਆ



ਪਟਿਆਲਾ, 24 ਦਸੰਬਰ (ਗੁਰਮੁੱਖ ਸਿੰਘ ਰੁਪਾਣਾ): 2017 ਅੱਜ ਇੱਥੇ ਮੁਲਤਾਨੀ ਮੱਲ ਮੋਦੀ ਕਾਲਜ ਨੇ ਆਪਣੇ 50 ਸਾਲ ਪੂਰੇ ਹੋਣ 'ਤੇ ਗੋਲਡਨ ਜੁਬਲੀ ਸਮਾਰੋਹ ਮਨਾਇਆ। ਜਿਸ ਵਿੱਚ ਮਾਣਯੋਗ ਸ੍ਰੀ ਬ੍ਰਹਮ ਮਹਿੰਦਰਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ਸਰਕਾਰ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਸ੍ਰੀ ਕੇ.ਕੇ. ਸ਼ਰਮਾ ਚੇਅਰਮੈਨ, ਪੀ.ਆਰ.ਟੀ.ਸੀ., ਡਾ. ਪਵਨ ਕੁਮਾਰ ਸਿੰਗਲਾ, ਇਨਫਾਰਮੇਸ਼ਨ ਕਮਿਸ਼ਨਰ, ਪੰਜਾਬ, ਡਾ. ਇੰਦਰਜੀਤ ਸਿੰਘ, ਡੀਨ, ਅਕਾਦਮਿਕ ਮਾਮਲੇ ਅਤੇ ਪ੍ਰੋ. ਕੁਲਬੀਰ ਸਿੰਘ ਢਿੱਲੋਂ, ਡੀਨ, ਕਾਲਜ ਵਿਕਾਸ ਕੌਂਸਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਪਿਛਲੇ 50 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਸੰਖੇਪ ਰੂਪ ਵਿੱਚ ਦੱਸਿਆ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਾਨੂੰ ਆਪਣੇ ਪੁਰਾਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਮਾਣ ਹੈ ਅਤੇ ਕਿਸੇ ਵੀ ਕਾਲਜ ਦੀ ਕਾਰਗੁਜ਼ਾਰੀ ਉਸ ਦੇ ਵਿਦਿਆਰਥੀਆਂ ਵੱਲੋਂ ਕੀਤੀਆਂ ਪ੍ਰਾਪਤੀਆਂ ਨਾਲ ਜੁੜੀ ਹੈ। ਸੇਠ ਸੁਦਰਸ਼ਨ ਕੁਮਾਰ ਮੋਦੀ, ਚੇਅਰਮੈਨ, ਕਾਲਜ ਮੈਨੇਜਿੰਗ ਕਮੇਟੀ, ਸ੍ਰੀ ਤਰੁਣ ਮੋਦੀ, ਵਾਈਸ ਚੇਅਰਮੈਨ, ਸ੍ਰੀਮਤੀ ਰਾਣੀ ਮੋਦੀ, ਪ੍ਰੋ. ਸੁਰਿੰਦਰ ਲਾਲ, ਕਰਨਲ ਕਰਮਿੰਦਰ ਸਿੰਘ, ਮੈਂਬਰ ਮੈਨੇਜਿੰਗ ਕਮੇਟੀ ਅਤੇ ਸ੍ਰੀਮਤੀ ਸ਼ਿਵਾਨੀ ਮੋਦੀ ਨੇ ਆਏ ਮਹਿਮਾਨਾਂ ਨੂੰ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਕਾਲਜ ਵੱਲੋਂ ਪਿਛਲੇ 50 ਸਾਲਾਂ ਦੀਆਂ ਮੁੱਖ ਘਟਨਾਵਾਂ ਨੂੰ ਦਰਸਾਉਂਦਾ ਹੋਇਆ ਸੋਵੀਨਰ ਵੀ ਰਿਲੀਜ਼ ਕੀਤਾ ਗਿਆ। ਸ੍ਰੀ ਬ੍ਰਹਮ ਮਹਿੰਦਰਾ ਨੇ ਕਾਲਜ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਅਤੇ ਅਕਾਦਮਿਕ ਵਿਕਾਸ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਨ ਦਾ ਐਲਾਨ ਕੀਤਾ। ਉਨ੍ਹਾਂ ਨੇ ਕਾਲਜ ਦੇ ਫੈਸ਼ਨ ਅਤੇ ਟੈਕਨਾਲੋਜੀ ਵਿਭਾਗ ਵੱਲੋਂ ਲਗਾਈ ਗਈ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ। ਡਾ. ਪਵਨ ਕੁਮਾਰ ਸਿੰਗਲਾ, ਜੋ ਇਸ ਕਾਲਜ ਦੇ ਵਿਦਿਆਰਥੀ ਅਤੇ ਤਕਰੀਬਨ 25 ਸਾਲ ਲਈ ਅਧਿਆਪਕ ਵੀ ਰਹੇ ਹਨ, ਨੇ ਕਾਲਜ ਨੂੰ 50 ਸਾਲ ਪੂਰੇ ਕਰਨ 'ਤੇ ਮੁਬਾਰਕਬਾਦ ਦਿੱਤੀ ਅਤੇ ਮੋਦੀ ਕਾਲਜ ਦੀ ਅਲੂਮਨੀ ਨੂੰ ਹੋਰ ਐਕਟਿਵ ਕਰਨ ਦੀ ਗੁਜਾਰਿਸ਼ ਕੀਤੀ। ਡਾ. ਕੁਲਬੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਕਾਲਜ ਦੇ ਅਨੁਸ਼ਾਸਨ ਅਤੇ ਅਕਾਦਮਿਕ ਵਾਤਾਵਰਣ ਦੀ ਪ੍ਰਸ਼ੰਸਾ ਸੁਣ ਕੇ ਹੀ ਇੱਥੇ ਦਾਖ਼ਲਾ ਲਿਆ ਸੀ ਅਤੇ ਉਹ ਸਾਰੀ ਜ਼ਿੰਦਗੀ ਉਸ ਫੈਸਲੇ ਤੋਂ ਖੁਸ਼ ਰਹਿਣਗੇ। ਇਸ ਮੌਕੇ ਡਾ. ਗੁਰਵਿੰਦਰ ਸਿੰਘ, ਰਜਿਸਟਰਾਰ, ਥਾਪਰ ਇੰਸਟੀਚਿਊਟ ਆਫ਼ ਤਕਨਾਲੋਜੀ, ਪਟਿਆਲਾ ਅਤੇ ਪ੍ਰੋ. ਬਾਵਾ ਸਿੰਘ, ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਵਾਈਸ ਚੇਅਰਮੈਨ ਵੀ ਹਾਜ਼ਰ ਸਨ। ਵਾਈਸ ਪ੍ਰਿੰਸੀਪਲ ਪ੍ਰੋ. ਨਿਰਮਲ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਦੱਸਿਆ ਕਿ ਪੁਰਾਣੇ ਪ੍ਰਿੰਸੀਪਲ ਸਾਹਿਬਾਨ, ਅਧਿਆਪਕਾਂ ਅਤੇ ਕਰਮਚਾਰੀਆਂ ਦੁਆਰਾ ਸਥਾਪਤ ਕੀਤੀਆਂ ਉਚੀਆਂ ਕਦਰਾਂ-ਕੀਮਤਾਂ ਦੀ ਬਦੌਲਤ ਅੱਜ ਸਾਡਾ ਕਾਲਜ ਨਾਮਵਾਰ ਕਾਲਜਾਂ ਦੀ ਸੂਚੀ ਵਿੱਚ ਉਪਰਲੀ ਕਤਾਰ ਵਿੱਚ ਸ਼ਾਮਲ ਹੈ। ਪ੍ਰੋ. (ਮਿਸਿਜ) ਬਲਜਿੰਦਰ ਕੌਰ, ਪ੍ਰੋ. (ਮਿਸਿਜ) ਸ਼ੈਲੇਂਦਰ ਸਿੱਧੂ, ਡਾ. ਅਜੀਤ ਕੁਮਾਰ ਅਤੇ ਡਾ. ਗਣੇਸ਼ ਸੇਠੀ ਨੇ ਮੰਚ ਸੰਚਾਲਨ ਦਾ ਕਾਰਜ ਬਾਖ਼ੂਬੀ ਨਿਭਾਇਆ। ਕਾਲਜ ਦੇ ਵਿਦਿਆਰਥੀਆਂ ਨੇ ਪ੍ਰੋਗਰਾਮ ਚਲਾਉਣ ਵਿੱਚ ਵੱਡਾ ਸਹਿਯੋਗ ਦਿੱਤਾ। ਐਨ.ਸੀ.ਸੀ. ਕੈਡਿਟਸ ਨੇ ਮਹਿਮਾਨਾਂ ਨੂੰ ਸਲਾਮੀ ਦਿੱਤੀ ਅਤੇ ਕਾਲਜ ਦੀ ਗਿੱਧਾ ਟੀਮ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

**ਅਜੀਤ**

# ਮਾਣਮੱਤੀਆਂ ਪ੍ਰਾਪਤੀਆਂ ਦਾ ਨਾਅ ਹੈ ਮੋਦੀ ਕਾਲਜ-ਬ੍ਰਹਮ ਮਹਿੰਦਰਾ

## ਮੋਦੀ ਕਾਲਜ ਨੇ 50ਵੀਂ ਵਰ੍ਹੇਗੰਢ ਮਨਾਈ



ਮੁਲਤਾਨੀ ਮੱਲ ਮੋਦੀ ਕਾਲਜ ਵਲੋਂ ਆਪਣੇ 50 ਸਾਲ ਪੂਰੇ ਹੋਣ 'ਤੇ ਗੋਲਡਨ ਜੁਬਲੀ ਸਮਾਰੋਹ ਦੌਰਾਨ ਸ੍ਰੀ ਬ੍ਰਹਮ ਮਹਿੰਦਰਾ ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਸ੍ਰੀ ਕੇ.ਕੇ. ਸ਼ਰਮਾ ਚੇਅਰਮੈਨ ਪੀ.ਆਰ.ਟੀ.ਸੀ. ਤੇ ਹੋਰ ਸ਼ਮਾ ਰੌਸ਼ਨ ਕਰਦੇ ਹੋਏ। ਅਜੀਤ ਤਸਵੀਰ

ਪਟਿਆਲਾ, 24 ਦਸੰਬਰ (ਗੁਰਪ੍ਰੀਤ ਸਿੰਘ ਚੱਠਾ)-ਮੁਲਤਾਨੀ ਮੱਲ ਮੋਦੀ ਕਾਲਜ ਨੇ ਆਪਣੇ 50 ਸਾਲ ਪੂਰੇ ਹੋਣ 'ਤੇ ਗੋਲਡਨ ਜੁਬਲੀ ਸਮਾਰੋਹ ਮਨਾਇਆ। ਜਿਸ ਵਿਚ ਸ੍ਰੀ ਬ੍ਰਹਮ ਮਹਿੰਦਰਾ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਸਰਕਾਰ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਸ੍ਰੀ ਕੇ.ਕੇ. ਸ਼ਰਮਾ ਚੇਅਰਮੈਨ ਪੀ.ਆਰ.ਟੀ.ਸੀ., ਡਾ. ਪਵਨ ਕੁਮਾਰ ਸਿੰਗਲਾ ਇਨਫਰਮੇਸ਼ਨ ਕਮਿਸ਼ਨਰ ਪੰਜਾਬ, ਡਾ. ਇੰਦਰਜੀਤ ਸਿੰਘ ਡੀਨ ਅਕਾਦਮਿਕ ਮਾਮਲੇ ਅਤੇ ਪ੍ਰੋ. ਕੁਲਬੀਰ ਸਿੰਘ ਢਿੱਲੋਂ ਡੀਨ ਕਾਲਜ ਵਿਕਾਸ ਕੌਂਸਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਪਿਛਲੇ 50 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਸੰਖੇਪ ਰੂਪ ਵਿਚ ਦੱਸਿਆ। ਸੇਠ ਸੁਦਰਸ਼ਨ ਕੁਮਾਰ ਮੋਦੀ ਚੇਅਰਮੈਨ ਕਾਲਜ ਮੈਨੇਜਿੰਗ ਕਮੇਟੀ, ਸ੍ਰੀ ਤਰੁਣ ਮੋਦੀ ਵਾਈਸ ਚੇਅਰਮੈਨ, ਸ੍ਰੀਮਤੀ ਰਾਣੀ ਮੋਦੀ, ਪ੍ਰੋ. ਸੁਰਿੰਦਰ ਲਾਲ, ਕਰਨਲ ਕਰਮਿੰਦਰ ਸਿੰਘ, ਮੈਂਬਰ ਮੈਨੇਜਿੰਗ ਕਮੇਟੀ ਅਤੇ ਸ੍ਰੀਮਤੀ ਸ਼ਿਵਾਨੀ ਮੋਦੀ ਨੇ ਆਏ ਮਹਿਮਾਨਾਂ ਨੂੰ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਕਾਲਜ ਵਲੋਂ ਪਿਛਲੇ 50 ਸਾਲਾਂ ਦੀਆਂ ਮੁੱਖ ਘਟਨਾਵਾਂ ਨੂੰ ਦਰਸਾਉਂਦਾ ਹੋਇਆ ਸੋਵੀਨਾਰ ਵੀ ਜਾਰੀ ਕੀਤਾ ਗਿਆ। ਸ੍ਰੀ ਬ੍ਰਹਮ ਮਹਿੰਦਰਾ ਨੇ ਕਾਲਜ ਦੇ ਫ਼ੈਸ਼ਨ ਅਤੇ ਟੈਕਨਾਲੋਜੀ ਵਿਭਾਗ ਵਲੋਂ ਲਗਾਈ ਗਈ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ। ਕੇ.ਕੇ. ਸ਼ਰਮਾ ਨੇ ਆਪਣੇ ਉਨ੍ਹਾਂ ਦਿਨਾਂ ਨੂੰ ਯਾਦ ਕੀਤਾ ਜਦੋਂ ਉਹ ਇਸ ਕਾਲਜ ਦੀ ਪਹਿਲੀ ਵਿਦਿਆਰਥੀ ਪ੍ਰੀਸ਼ਦ ਦੇ ਪ੍ਰਧਾਨ ਬਣੇ ਸਨ। ਇਸ ਮੌਕੇ ਡਾ. ਗੁਰਵਿੰਦਰ ਸਿੰਘ ਰਜਿਸਟਰਾਰ ਥਾਪਰ ਇੰਸਟੀਚਿਊਟ ਆਫ਼ ਤਕਨਾਲੋਜੀ ਪਟਿਆਲਾ ਅਤੇ ਪ੍ਰੋ. ਬਾਵਾ ਸਿੰਘ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਵਾਈਸ ਚੇਅਰਮੈਨ ਵੀ ਹਾਜ਼ਰ ਸਨ।

ਬ੍ਰਹਮ ਮਹਿੰਦਰਾ ਨੇ ਅਕਾਦਮਿਕ ਵਿਕਾਸ ਲਈ 5 ਲੱਖ ਦੀ ਗ੍ਰਾਂਟ ਦੇਣ ਦਾ ਕੀਤਾ ਐਲਾਨ

# ਮੋਦੀ ਕਾਲਜ ਪੰਜਾਹ ਵਰ੍ਹਿਆਂ ਦਾ ਹੋਇਆ

**ਹਰਿੰਦਰ ਸ਼ਾਰਦਾ, ਪਟਿਆਲਾ**

ਮੁਲਤਾਨੀ ਮੱਲ ਮੋਦੀ ਕਾਲਜ ਨੇ ਆਪਣੇ 50 ਸਾਲ ਪੂਰੇ ਹੋਣ ਤੇ ਗੋਲਡਨ ਜੁਬਲੀ ਸਮਾਰੋਹ ਮਨਾਇਆ ਜਿਸ ਵਿਚ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਇਸ ਦੌਰਾਨ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਪਿਛਲੇ 50 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਸੰਖੇਪ ਰੂਪ ਵਿੱਚ ਦੱਸਿਆ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਾਨੂੰ ਆਪਣੇ ਪੁਰਾਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਮਾਣ ਹੈ ਅਤੇ ਕਿਸੇ ਵੀ ਕਾਲਜ ਦੀ ਕਾਰਗੁਜ਼ਾਰੀ ਉਸ ਦੇ ਵਿਦਿਆਰਥੀਆਂ ਵੱਲੋਂ ਕੀਤੀਆਂ ਪ੍ਰਾਪਤੀਆਂ ਨਾਲ ਜੁੜੀ ਹੈ। ਸੇਠ ਸੁਦਰਸ਼ਨ ਕੁਮਾਰ ਮੋਦੀ, ਚੇਅਰਮੈਨ, ਕਾਲਜ ਮੈਨੇਜਿੰਗ ਕਮੇਟੀ, ਤਰੁਣ ਮੋਦੀ, ਵਾਈਸ ਚੇਅਰਮੈਨ, ਰਾਣੀ ਮੋਦੀ, ਪ੍ਰੋ. ਸੁਰਿੰਦਰ ਲਾਲ, ਕਰਨਲ ਕਰਮਿੰਦਰ ਸਿੰਘ, ਮੈਂਬਰ ਮੈਨੇਜਿੰਗ ਕਮੇਟੀ ਅਤੇ ਸ਼ਿਵਾਨੀ ਮੋਦੀ ਨੇ ਆਏ ਮਹਿਮਾਨਾਂ ਨੂੰ ਗੁਲਦਸਤੇ



**ਸਮਾਗਮ ਦਾ ਆਗਾਜ਼ ਕਰਦੇ ਹੋਏ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਤੇ ਹੋਰ।**

ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਕਾਲਜ ਵੱਲੋਂ ਪਿਛਲੇ 50 ਸਾਲਾਂ ਦੀਆਂ ਮੁੱਖ ਘਟਨਾਵਾਂ ਨੂੰ ਦਰਸਾਉਂਦਾ ਹੋਇਆ ਸੋਵੀਨਰ ਵੀ ਰਿਲੀਜ਼ ਕੀਤਾ ਗਿਆ। ਬ੍ਰਹਮ ਮਹਿੰਦਰਾ ਨੇ ਕਾਲਜ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਅਤੇ ਅਕਾਦਮਿਕ ਵਿਕਾਸ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਨ ਦਾ ਐਲਾਨ ਕੀਤਾ। ਉਨ੍ਹਾਂ ਨੇ ਕਾਲਜ ਦੇ ਫੈਸ਼ਨ ਅਤੇ ਟੈਕਨਾਲੋਜੀ ਵਿਭਾਗ ਵੱਲੋਂ ਲਗਾਈ ਗਈ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ। ਪੀਆਰਟੀਸੀ ਚੇਅਰਮੈਨ ਕੇ. ਕੇ. ਸ਼ਰਮਾ ਨੇ ਆਪਣੇ ਉਨ੍ਹਾਂ ਦਿਨਾਂ ਨੂੰ ਯਾਦ ਕੀਤਾ ਜਦੋਂ ਉਹ ਇਸ ਕਾਲਜ ਦੀ ਪਹਿਲੀ ਵਿਦਿਆਰਥੀ ਪ੍ਰੀਸ਼ਦ ਦੇ ਪ੍ਰਧਾਨ ਬਣੇ ਸਨ।

**ਸਮਾਗਮ**

- **ਗੋਲਡਨ ਜੁਬਲੀ ਸਮਾਰੋਹ 'ਚ ਬ੍ਰਹਮ ਮਹਿੰਦਰਾ ਨੇ ਕੀਤੀ ਸ਼ਿਰਕਤ**
- **ਕਾਲਜ 'ਚ ਲਗਾਈ ਪ੍ਰਦਰਸ਼ਨੀ ਦਾ ਕੀਤਾ ਉਦਘਾਟਨ**

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਸ ਕਾਲਜ ਨੇ ਉਨ੍ਹਾਂ ਦੀ ਸਖਸ਼ੀਅਤ ਦੀ ਉਸਾਰੀ ਵਿੱਚ ਵੱਡਾ ਯੋਗਦਾਨ ਪਾਇਆ ਹੈ। ਡਾ. ਪਵਨ ਕੁਮਾਰ ਸਿੰਗਲਾ, ਇਨਫਰਮੇਸ਼ਨ ਕਮਿਸ਼ਨਰ, ਡਾ. ਇੰਦਰਜੀਤ ਸਿੰਘ, ਡੀਨ, ਅਕਾਦਮਿਕ ਮਾਮਲੇ ਅਤੇ ਕੁਲਬੀਰ ਸਿੰਘ ਢਿਲੋਂ, ਡੀਨ, ਕਾਲਜ ਵਿਕਾਸ ਕੌਂਸਲ, ਡਾ. ਪਵਨ ਕੁਮਾਰ ਸਿੰਗਲਾ, ਡਾ. ਕੁਲਬੀਰ ਸਿੰਘ, ਗੁਰਵਿੰਦਰ ਸਿੰਘ, ਪ੍ਰੋ. ਬਾਵਾ ਸਿੰਘ, ਬਲਜਿੰਦਰ ਕੌਰ, ਪ੍ਰੋ. ਸੈਲੇਂਦਰ ਸਿੱਧੂ, ਡਾ. ਅਜੀਤ ਕੁਮਾਰ, ਡਾ. ਗਣੇਸ਼ ਸੇਠੀ ਆਦਿ ਮੌਜੂਦ ਸਨ।

**CHANDIGARH Tribune**

# Modi College celebrates golden jubilee year

TRIBUNE NEWS

PATIALA, DECEMBER 24

Multani Mal Modi College, Patiala, organised two functions to celebrate its golden jubilee year here today.

Cabinet Minister Brahm Mohindra was the chief guest on the occasion.

College principal Dr Khushvinder Kumar welcomed the guests and presented a brief report on the college.

While appreciating the achievements of the college, Brahm Mohindra announced a grant of Rs 5 lakh for the academic development of the college.

He also inaugurated an exhibition organised by the Fashion Designing and Technology Department of the college.

KK Sharma, Chairman, PRTC, recalled his college days when he was the first president of the college's student union.

He talked about the role of his teachers played in his personality development.

Dr Gurwinder Singh, Registrar, Thapar Institute of Engineering and Technology; Prof Bawa Singh, former Vice Chairman, Minority Commission of India; Dr Pawan Kumar Singla, Information Commissioner, Punjab; Dr Inderjeet Singh, Dean, Academic Affairs, Punjabi University; and Prof Kulbir Singh Dhillon, Dean, College Development Council, Punjabi University, were also present on the occasion.





Girls before performing giddha; and (below) Cabinet Minister Brahm Mohindra honours KK Sharma, Chairman, PRTC, during the golden jubilee celebrations in Patiala on Sunday. PHOTOS: RAJESH SACHAR

ਪੰਜਾਬੀ ਟ੍ਰਿਬਿਊਨ,

# ਮੋਦੀ ਕਾਲਜ ਦਾ ਗੋਲਡਨ ਜੁਬਲੀ ਸਮਾਗਮ

## ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ; ਕਾਲਜ ਨੂੰ ਪੰਜ ਲੱਖ ਦੀ ਗ੍ਰਾਂਟ ਦੇਣ ਦਾ ਐਲਾਨ

ਰਵੇਲ ਸਿੰਘ ਭਿੰਡਰ

ਪਟਿਆਲਾ, 24 ਦਸੰਬਰ

ਇੱਥੇ ਮੁਲਤਾਨੀ ਮੱਲ ਮੋਦੀ ਕਾਲਜ ਨੇ ਆਪਣੇ 50 ਸਾਲ ਪੂਰੇ ਹੋਣ 'ਤੇ ਗੋਲਡਨ ਜੁਬਲੀ ਸਮਾਰੋਹ ਕਰਾਇਆ, ਜਿਸ 'ਚ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪੀ.ਆਰ.ਟੀ.ਸੀ. ਦੇ ਚੇਅਰਮੈਨ ਕੇ. ਕੇ. ਸ਼ਰਮਾ, ਡਾ. ਪਵਨ ਕੁਮਾਰ ਸਿੰਗਲਾ, ਡਾ. ਇੰਦਰਜੀਤ ਸਿੰਘ, ਡੀਨ, ਅਕਾਦਮਿਕ ਮਾਮਲੇ ਅਤੇ ਪ੍ਰੋ. ਕੁਲਬੀਰ ਸਿੰਘ ਢਿੱਲੋਂ ਇਸ ਮੌਕੇ ਮੁੱਖ ਮਹਿਮਾਨ ਸਨ।

ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਪਿਛਲੇ 50 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਦੱਸਿਆ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਪੁਰਾਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਮਾਣ ਹੈ ਅਤੇ ਕਿਸੇ ਵੀ ਕਾਲਜ ਦੀ ਕਾਰਗੁਜ਼ਾਰੀ ਉਸ



ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਤੇ ਹੋਰ ਮਹਿਮਾਨ ਸੋਵੀਨਰ ਰਿਲੀਜ਼ ਕਰਦੇ ਹੋਏ।

ਦੇ ਵਿਦਿਆਰਥੀਆਂ ਵੱਲੋਂ ਕੀਤੀਆਂ ਪ੍ਰਾਪਤੀਆਂ ਨਾਲ ਜੁੜੀ ਹੈ। ਮੈਨੇਜਿੰਗ ਕਮੇਟੀ ਦੇ ਚੇਅਰਮੈਨ ਸੇਠ ਸੁਦਰਸ਼ਨ ਕੁਮਾਰ ਮੋਦੀ, ਵਾਈਸ ਚੇਅਰਮੈਨ ਤਰੁਣ ਮੋਦੀ, ਸ੍ਰੀਮਤੀ ਰਾਣੀ ਮੋਦੀ, ਪ੍ਰੋ. ਸੁਰਿੰਦਰ ਲਾਲ ਆਦਿ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਇਸ ਮੌਕੇ ਕਾਲਜ ਵੱਲੋਂ ਪਿਛਲੇ 50 ਸਾਲਾਂ ਦੀਆਂ ਮੁੱਖ ਘਟਨਾਵਾਂ ਨੂੰ ਦਰਸਾਉਂਦਾ ਸੋਵੀਨਰ ਵੀ ਰਿਲੀਜ਼ ਕੀਤਾ ਗਿਆ। ਮੁੱਖ ਮਹਿਮਾਨ ਨੇ ਕਾਲਜ ਦੇ ਅਕਾਦਮਿਕ ਵਿਕਾਸ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਨ ਦਾ ਐਲਾਨ ਕੀਤਾ। ਉਨ੍ਹਾਂ ਨੇ ਕਾਲਜ ਦੇ ਫੈਸ਼ਨ ਅਤੇ ਟੈਕਨਾਲੋਜੀ ਵਿਭਾਗ ਵੱਲੋਂ ਲਗਾਈ ਗਈ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ।

ਕੇ. ਕੇ. ਸ਼ਰਮਾ ਨੇ ਪੁਰਾਣੇ ਦਿਨਾਂ ਨੂੰ ਚੇਤੇ ਕੀਤਾ। ਡਾ. ਪਵਨ ਕੁਮਾਰ ਸਿੰਗਲਾ, ਜੋ ਇਸ ਕਾਲਜ ਦੇ ਵਿਦਿਆਰਥੀ ਅਤੇ ਤਕਰੀਬਨ 25 ਸਾਲ ਲਈ ਅਧਿਆਪਕ ਵੀ ਰਹੇ ਹਨ, ਨੇ ਕਾਲਜ ਨੂੰ 50 ਸਾਲ ਪੂਰੇ ਕਰਨ 'ਤੇ ਮੁਬਾਰਕਬਾਦ ਦਿੱਤੀ ਅਤੇ ਮੋਦੀ ਕਾਲਜ ਦੀ ਅਲੂਮਨੀ ਨੂੰ ਹੋਰ ਐਕਟਿਵ ਕਰਨ ਦੀ ਗੁਜ਼ਾਰਿਸ਼ ਕੀਤੀ। ਹੋਰਨਾਂ ਤੋਂ ਇਲਾਵਾ ਡਾ. ਕੁਲਬੀਰ ਸਿੰਘ ਢਿੱਲੋਂ, ਡਾ. ਗੁਰਵਿੰਦਰ ਸਿੰਘ, ਰਜਿਸਟਰਾਰ, ਥਾਪਰ ਇੰਸਟੀਚਿਊਟ ਆਫ਼ ਤਕਨਾਲੋਜੀ ਪਟਿਆਲਾ ਅਤੇ ਪ੍ਰੋ. ਬਾਵਾ ਸਿੰਘ, ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਵਾਈਸ ਚੇਅਰਮੈਨ ਵੀ ਹਾਜ਼ਰ ਸਨ।

ਵਾਈਸ ਪ੍ਰਿੰਸੀਪਲ ਪ੍ਰੋ. ਨਿਰਮਲ ਸਿੰਘ ਨੇ ਧੰਨਵਾਦ ਮਤਾ ਪੇਸ਼ ਕੀਤਾ। ਪ੍ਰੋ. ਬਲਜਿੰਦਰ ਕੌਰ, ਪ੍ਰੋ. ਸੈਲੇਂਦਰ ਸਿੱਧੂ, ਡਾ. ਅਜੀਤ ਕੁਮਾਰ ਅਤੇ ਡਾ. ਗਣੇਸ਼ ਸੇਠੀ ਨੇ ਮੰਚ ਸੰਚਾਲਨ ਕੀਤਾ।